

ਖਾਲਸਿਓ!
ਤਨਖ਼ਾਹ ਮੰਗਦੇ ਓ
ਚਰਨ ਸਿੰਘ ਸ਼ਫ਼ਰੀ

ਕਵੀਸ਼ਰੀ ਦੀਆਂ ਕੁਝ ਉੱਤਮ ਪੁਸਤਕਾਂ :

- ਸਿੱਖੀ ਦੀਆਂ ਵਾਟਾਂ : ਲੇਖਕ ਚਰਨ ਸਿੰਘ ਸਫ਼ਰੀ
- ਲਹੂ ਦੀਆਂ ਵਾਟਾਂ : ਲੇਖਕ ਚਰਨ ਸਿੰਘ ਸਫ਼ਰੀ
- ਅੰਮ੍ਰਿਤ ਭਿੱਜੇ ਬੋਲ : ਲੇਖਕ ਚਰਨ ਸਿੰਘ ਸਫ਼ਰੀ
- ਗੁਰੂ ਰਵਿਦਾਸ ਮਹਿਮਾ : ਲੇਖਕ ਚਰਨ ਸਿੰਘ ਸਫ਼ਰੀ
- ਅਣਿਆਲੇ ਤੀਰ : ਵਿਧਾਤਾ ਸਿੰਘ ਤੀਰ
- ਨਵੇਂ ਨਿਸ਼ਾਨੇ : ਵਿਧਾਤਾ ਸਿੰਘ ਤੀਰ
- ਚਮਕਣ ਤਾਰੇ : ਗੁਰਦਿੱਤ ਸਿੰਘ ਕੁੰਦਨ

ਕਵਿਤਾਵਾਂ ਦੀਆਂ ਕੁਝ ਹੋਰ ਅਹਿਮ ਪੁਸਤਕਾਂ :

- ਤਕਲੀਫ਼ ਤਾਂ ਜ਼ਰ ਪਹਿਲਾਂ : ਦੀਪਕ ਜੈਤੋਈ
- ਸਾਕੀ ਤੂੰ ਮੈਖ਼ਾਨਾ ਤੂੰ : ਦਰਸ਼ਨ ਸਿੰਘ ਅਵਾਰਾ
- ਚੋਣਵੀਂ ਪੰਜਾਬੀ ਸ਼ਾਇਰੀ : ਸੰ: ਅਤਰਜੀਤ ਸੂਰੀ
- ਚੋਣਵੀਂ ਉਰਦੂ ਸ਼ਾਇਰੀ : ਸੰ: ਕੁਲਵੰਤ ਸਿੰਘ ਸੂਰੀ
- ਸਾਰਾ ਜਹਾਨ ਮੇਰਾ : ਉਲਫ਼ਤ ਬਾਜਵਾ

ਖਾਲਸਿਓ ! ਤਨਖ਼ਾਹ ਮੰਗਦੇ ਹੋ !!

ਚਰਨ ਸਿੰਘ ਸਫ਼ਰੀ

ਸ੍ਰ. ਅਜੀਤ ਸਿੰਘ ਸਫ਼ਰੀ

01883-੨86695

੨85695

98154-40453

94653-੨656੨

ਨਿਊ ਬੁੱਕ ਕੰਪਨੀ

ਮਾਈ ਹੀਰਾਂ ਗੇਟ, ਜਲੰਧਰ।

ਤਤਕਰਾ

*****

KHALSIO! TANKHAH MANGDE HO!!

(RELIGIOUS POEMS)

by CHARAN SINGH SAFRI

Published by :

New Book Co., Mai Hiran Gate, Jalandhar. Ph : 2280045, 3093190, 2284325

ਪਹਿਲੀ ਵਾਰ : 2004

ਮੁੱਲ : **75 ਰੁਪਏ**

ਪ੍ਰਕਾਸ਼ਕ : ਮਹਿਤਾਬ ਸਿੰਘ

ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।

Ph : 2280045, 3093190, 2284325

Fax : 0181-2234081

E-mail : newbookco@hotmail.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ਼, ਜਲੰਧਰ।

ਕੁਝ ਮੇਰੇ ਵੱਲੋਂ

ਸਿੱਖ ਇਤਿਹਾਸ ਨਾਲ ਸਨੇਹ ਰੱਖਣ ਵਾਲੇ ਪ੍ਰੇਮੀ ਜਨੋ!

ਗੁਰੂ ਫਤਹਿ ਪ੍ਰਵਾਨ ਕਰਨੀ।

ਇਸ ਵੇਲੇ ਮੇਰੀ ਉਮਰ ਦਾ ਅੰਤਮ ਪੜਾਅ ੮੦ਵਾਂ ਵਰ੍ਹਾ ਹੈ। ਉਮਰ ਦਾ ਨਿੱਗਰ ਹਿੱਸਾ ਧਾਰਮਿਕ ਇਤਿਹਾਸਕ ਕਵਿਤਾਵਾਂ ਤੇ ਧਾਰਮਿਕ ਗੀਤ ਲਿਖਣ ਵਿਚ ਨਿਕਲ ਗਿਆ। ਲਗਪਗ ਇਕ ਦਰਜਨ ਪੁਸਤਕਾਂ ਕਵਿਤਾ ਵਿਚ ਮਾਂ-ਬੋਲੀ ਦੀ ਭੇਟ ਕਰ ਚੁੱਕਾ ਹਾਂ।

ਭਾਰਤ ਭਰ ਦੇ ਹਰ ਪ੍ਰਾਂਤ ਜਿਥੇ-ਜਿਥੇ ਗੁਰਸਿੱਖ ਸ਼ਰਧਾਲੂਆਂ ਦੀ ਵਸੋਂ ਹੈ, ਇਕ ਵਾਰੀ ਨਹੀਂ, ਕਈ-ਕਈ ਵਾਰ ਆਪਣੀਆਂ ਜਜ਼ਬਾਤੀ ਕਵਿਤਾਵਾਂ ਸੁਣਾ ਕੇ ਸੰਗਤਾਂ ਤੋਂ ਪ੍ਰਸ਼ੰਸਾ ਲੈ ਚੁੱਕਾ ਹਾਂ।

ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਦੇਸ਼ਾਂ ਵਿਚ ਵੀ ਜਾ ਕੇ ਸਿੱਖ ਸੰਗਤਾਂ ਤੋਂ ਦਾਦ ਲਈ ਤੇ ਮਾਣ ਪ੍ਰਾਪਤ ਕੀਤਾ।

ਵਰ੍ਹਾ ਕੁ ਪਹਿਲਾਂ ਸੰਤ ਬਾਬਾ ਨਿਰੰਜਨ ਦਾਸ ਸੱਚਖੰਡ ਬੱਲਾਂ, ਸੰਤ ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਸੰਤ ਬਾਬਾ ਕਰਨੈਲ ਸਿੰਘ (ਨੌਗਜਾ) ਇੰਗਲੈਂਡ ਵਾਲੇ, ਸੰਤ ਬਾਬਾ ਅਨੂਪ ਸਿੰਘ ਜੀ ਊਨੇ ਵਾਲੇ, ਸੰਤ ਬਾਬਾ ਦਲਜੀਤ ਸਿੰਘ ਸ਼ਿਕਾਗੋ, ਅਮਰੀਕਾ ਵਾਲਿਆਂ ਦੀ ਭੇਂਟ ਵੀ ਮੈਂ ਆਪਣੀਆਂ ਧਾਰਮਿਕ ਕਵਿਤਾਵਾਂ ਕੀਤੀਆਂ। ਮਹਾਂਪੁਰਸ਼ਾਂ ਅਸ਼ੀਰਵਾਦ ਦਿੱਤਾ ਕਿ ਜ਼ਿੰਦਗੀ ਦਾ ਕੋਈ ਪਤਾ ਨਹੀਂ, ਇਕ ਕਿਤਾਬ ਜਾਂਦਾ-ਜਾਂਦਾ ਹੋਰ ਲਿਖ ਜਾ।

ਕਿਤਾਬ ਆਰੰਭ ਹੀ ਕੀਤੀ ਸੀ ਕਿ ਮੇਰੇ ਉੱਤੇ ਗਲੇ ਦੀ ਬੀਮਾਰੀ ਦਾ ਬੜਾ ਭਾਰੀ ਹਮਲਾ ਹੋ ਗਿਆ ਤੇ ਮੈਂ ਪੀ.ਜੀ.ਆਈ., ਚੰਡੀਗੜ੍ਹ ਦਾਖ਼ਲ ਹੋ ਗਿਆ। ਬਿਮਾਰੀ ਵਿਚ ਹੂੰਗੇ ਮਾਰਦੇ ਨੇ ਕਿਤਾਬ ਮਸਾਂ ਪੂਰੀ ਕੀਤੀ ਤੇ ਸੁੱਖ ਦਾ ਸਾਹ ਲਿਆ।

ਮੇਰੇ ਮਨ ਵਿਚ ਸੀ ਕਿ ਮਹਾਂਪੁਰਸ਼ਾਂ ਨੇ ਏਨੇ ਮਹਿੰਗੇ ਸਮੇਂ ਵਿਚ ਮੈਨੂੰ ਸੋਨੇ ਦੇ ਮੈਡਲਾਂ ਤੇ ਹੋਰ ਕੀਮਤੀ ਪੁਰਸਕਾਰਾਂ ਨਾਲ ਨਿਹਾਲ ਕੀਤਾ ਹੈ। ਕੀ ਮੈਂ ਉਨ੍ਹਾਂ ਦੇ ਆਖੇ 'ਤੇ ਫੁੱਲ ਨਹੀਂ ਚੜ੍ਹਾ ਸਕਿਆ? ਕਿਤਾਬ ਛੱਪ ਚੁੱਕੀ ਹੈ, ਸੰਤਾਂ ਦੀ ਭੇਂਟ ਕਰਕੇ ਜ਼ਿੰਦਗੀ ਲਈ ਚਾਰ ਸਾਹ ਹੋਰ ਉਧਾਰੇ ਮੰਗਣ ਦੇ ਸਮਰੱਥ ਹੋਵਾਂਗਾ। ਜੇਕਰ ਦਾਤੇ ਨੇ ਬਖ਼ਸ਼ਿਸ਼ ਕੀਤੀ ਤਾਂ ਇਕ ਪੁਸਤਕ ਹੋਰ ਲਿਖਣ ਦਾ ਹੌਸਲਾ ਕਰਾਂਗਾ। ਧੰਨਵਾਦੀ ਹਾਂ, ਉਹਨਾਂ ਮਹਾਂਪੁਰਸ਼ਾਂ ਦਾ, ਜਿਹਨਾਂ ਮੇਰੀ ਸਮੇਂ ਸਿਰ ਹੌਸਲਾ-ਅਫ਼ਜ਼ਾਈ ਕੀਤੀ।

15 ਅਗਸਤ, 2004

ਚਰਨ ਸਿੰਘ ਸਫ਼ਰੀ

ਦਸੂਆ (ਕਹਿਰੇਆਲੀ), ਜ਼ਿਲ੍ਹਾ ਹੁਸ਼ਿਆਰਪੁਰ

ਚਰਨ ਸਿੰਘ ਸਫ਼ਰੀ : ਇਕ ਦਰਵੇਸ਼ ਕਵੀ

ਮੈਂ ਕੈਨੇਡਾ ਦੇਸ਼ ਦੇ ਸਰੀ ਇਲਾਕੇ ਵਿਚ ਲਗਪਗ ਤੀਹ ਕੁ ਸਾਲ ਤੋਂ ਰਹਿੰਦਾ ਆ ਰਿਹਾ ਹਾਂ। ਪੰਜਾਬ ਦੇ ਅਨੇਕਾਂ ਫ਼ਨਕਾਰ ਵੈਨਕੂਵਰ ਦੇ ਗੁਰਧਾਮਾਂ ਤੇ ਹੋਰ ਰਾਜਨੀਤਿਕ ਅਦਾਰਿਆਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ।

ਦੋ ਕੁ ਵਰ੍ਹੇ ਹੋਏ ਕੁਝ ਲੋਕਾਂ ਮੈਨੂੰ ਆਖਿਆ ਕਿ ਪੰਜਾਬੀ ਦੇ ਕਈ ਕਵੀ ਤੇ ਗਾਇਕ ਵੈਨਕੂਵਰ ਆ ਚੁੱਕੇ ਹਨ, ਜੇ ਹੋ ਸਕੇ ਤਾਂ ਚਰਨ ਸਿੰਘ ਸਫ਼ਰੀ ਨੂੰ ਵੀ ਮੰਗਵਾਉ।

ਰਾਹਦਾਰੀ ਭੇਜੀ, ਸਫ਼ਰੀ ਹੋਰੀਂ ਆ ਵੈਨਕੂਵਰ ਉਤਰੇ। ਉਹਨਾਂ ਦੇ ਗੋਡੇ ਦਰਦ ਕਰਦੇ ਸਨ, ਬੜੀ ਮੁਸ਼ਕਲ ਨਾਲ ਚੁੱਕ ਕੇ ਉਨ੍ਹਾਂ ਨੂੰ ਕਾਰ ਵਿਚ ਬਿਠਾਇਆ। ਮੈਨੂੰ ਇਹ ਫ਼ਿਕਰ ਖਾਈ ਜਾਂਦੀ ਸੀ ਕਿ ਸਫ਼ਰੀ ਬਿਮਾਰੀ ਦੀ ਹਾਲਤ ਵਿਚ ਕਵਿਤਾ ਕਿਵੇਂ ਪੜ੍ਹੇਗਾ।

ਵਾਹਿਗੁਰੂ ਦੀ ਅਪਾਰ ਕਿਰਪਾ ਸਦਕਾ ਸਫ਼ਰੀ ਹੁਰੀਂ ਦੂਜੇ ਦਿਨ ਅਰਬੀ ਘੋੜੇ ਵਾਂਗੂੰ ਛਾਲਾਂ ਮਾਰਦੇ ਨਜ਼ਰ ਆਉਣ ਲੱਗੇ। ਦੋ ਕੁ ਮਹੀਨੇ ਸਫ਼ਰੀ ਜੀ ਨੇ ਆਪਣੀਆਂ ਧਾਰਮਿਕ ਕਵਿਤਾਵਾਂ ਸੁਣਾ ਕੇ ਉਹ ਠੱਠ ਬੰਨ੍ਹਿਆ ਕਿ ਸੰਗਤਾਂ ਅਜੇ ਤੱਕ ਵੀ ਯਾਦ ਕਰ ਰਹੀਆਂ ਹਨ।

ਚਰਨ ਸਿੰਘ ਨੂੰ ਅਸੀਂ ਬਹੁਤ ਨੇੜਿਉਂ ਹੋ ਕੇ ਦੇਖਿਆ। ਮਾਇਆ ਦਾ ਲੋਭ ਨਹੀਂ, ਸੱਚ ਬੋਲਦਾ ਹੈ, ਪਾਖੰਡ ਦੇ ਵਿਰੁੱਧ ਹੈ। ਕਵੀ ਕਮਾਲ ਦਾ ਹੈ, ਮੰਚ 'ਤੇ ਭੂਚਾਲ ਲਿਆ ਦਿੰਦਾ ਹੈ। ਲਗਪਗ ਇਕ ਦਰਜਨ ਪੁਸਤਕਾਂ ਮਾਂ-ਬੋਲੀ ਦੀ ਝੋਲੀ ਪਾ ਚੁੱਕਾ ਹੈ। ਧਾਰਮਿਕ ਗੀਤ ਲਿਖਣ ਵਿਚ ਇਸ ਕਵੀ ਦੀ ਬਹੁਤ ਮੁਹਾਰਤ ਹੈ।

ਇਕ ਦਿਨ ਮੈਂ ਸਫ਼ਰੀ ਜੀ ਨੂੰ ਪੁੱਛਿਆ, "ਤੇਰਾ ਸਾਰਾ ਸਰੀਰ ਇਸ ਬੁਢੇਪੇ ਵਿਚ ਵੀ ਰਿਸ਼ਟ-ਪੁਸ਼ਟ ਹੈ, ਗੋਡੇ ਕਿਉਂ ਜਵਾਬ ਦੇ ਗਏ ?" ਜ਼ਰਾ ਕੁ ਚੁੱਪ ਮਗਰੋਂ ਸਫ਼ਰੀ ਨੇ ਕਿਹਾ, "ਇਹ ਮੈਨੂੰ ਕੋਈ ਪਤਾ ਨਹੀਂ।" ਲਾਗੇ ਬੈਠੇ ਸਫ਼ਰੀ ਦੇ ਇਕ ਗੁਆਂਢੀ ਸਰਦਾਰ ਕੇਵਲ ਸਿੰਘ ਗਿੱਲ ਨੇ ਕਿਹਾ, "ਗੋਡਿਆਂ ਦਾ ਰੋਗ ਤਾਂ ਘਰ-ਘਰ ਹੈ, ਪਰੰਤੂ ਸਫ਼ਰੀ ਦੇ ਗੋਡੇ ਕਿਉਂ ਜਵਾਬ ਦੇ ਗਏ, ਇਹ ਫ਼ਰਿਸ਼ਤੇ ਵੀ ਨਹੀਂ ਦੱਸ ਸਕਦੇ।"

ਸਫ਼ਰੀ ਤੰਗ ਦਿਲ ਨਹੀਂ, ਫ਼ਰਾਖ਼ ਦਿਲ ਹੈ। ਮੈਂ ਸਫ਼ਰੀ ਨੂੰ ਇਕ ਵਧੀਆ ਤੇ ਸੂਝਵਾਨ ਕਵੀ ਸਮਝਦਾ ਹਾਂ ਅਤੇ ਸਫ਼ਰੀ ਦਾ ਮਾਨ ਕਰਦਾ ਹਾਂ। ਇਹ ਪੁਸਤਕ ਛਾਪਣ ਤੇ ਸਫ਼ਰੀ ਨੂੰ ਵਧਾਈ ਦਿੰਦਾ ਹਾਂ ਕਿ 86 ਸਾਲ ਦੀ ਵਡੇਰੀ ਉਮਰ ਵਿਚ ਸਫ਼ਰੀ ਨੇ ਇਕ ਬਹੁਤ ਵੱਡਾ ਮਾਅਰਕਾ ਮਾਰਿਆ ਹੈ। ਅਰਦਾਸ ਕਰਦਾ ਹਾਂ ਕਿ ਵਾਹਿਗੁਰੂ ਇਸ ਕਵੀ ਨੂੰ ਤੰਦਰੁਸਤ ਤੇ ਰਿਸ਼ਟ ਪੁਸ਼ਟ ਰੱਖੇ।

15-8-2004
ਸਰੀ

ਦਲਜੀਤ ਸਿੰਘ ਕਲਿਆਣਪੁਰੀ
ਪ੍ਰਧਾਨ, ਪੰਜਾਬੀ ਸਾਹਿਤ ਸਭਾ
ਵੈਨਕੂਵਰ, ਕੈਨੇਡਾ।

1

ਗੁਰੂ ਨਾਨਕ

ਅੰਬਰ ਤੋਂ ਖੁਸ਼ਖਬਰੀ ਆਈ
ਮੌਸਮ ਖੁਸ਼-ਗਵਾਰ ਹੋ ਗਿਆ।
ਨਾਨਕ ਜੱਗ ਵਿਚ ਆਣ ਪਧਾਰੇ
ਜੱਗ ਦਾ ਬੇੜਾ ਪਾਰ ਹੋ ਗਿਆ।
ਕੌਡੇ ਦਾ ਵੀ ਗਰਮ ਕੜਾਹਾ
ਇਕ ਦਮ ਠੰਡਾ-ਠਾਰ ਹੋ ਗਿਆ।
ਸ਼ੂਦ ਬ੍ਰਾਹਮਣ ਵੈਸ਼ ਖਤਰੀ
ਸਭ ਦਾ ਇਕ ਵਿਚਾਰ ਹੋ ਗਿਆ।

ਲੈ ਰਬਾਬ ਭਾਈ ਮਰਦਾਨਾ
ਹਾਜ਼ਰ ਵਿਚ ਦਰਬਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਆਈ ਆਵਾਜ਼ ਚਲੋ ਨਨਕਾਣੇ
ਜੱਗ ਦੇ ਦਰਦੀ ਦਰਸ ਦਿਖਾਏ।
ਤਲਵੰਡੀ ਦੀ ਧਰਤੀ ਉੱਤੇ
ਦੇਵਤਿਆਂ ਨੇ ਫੁੱਲ ਵਰਸਾਏ।
ਮਾਤਾ ਤ੍ਰਿਪਤਾ ਪੁੱਤਰ ਜਾਇਆ
ਧਰਤੀ ਮਾਤਾ ਸਗਨ ਮਨਾਏ।
ਹੀਰਿਆਂ ਤੋਂ ਵੱਧ ਲਾਲ ਅਮੁੱਲਾ
ਹੀਰੇ ਵੰਡੇ ਕਾਲੂ ਰਾਏ।

ਭਾਰਤ ਮਾਂ ਨੇ ਸੀਸ ਨਿਵਾਇਆ
ਸੀਸ ਦਾ ਹਲਕਾ ਭਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਪਾਂਧੇ! ਮੈਂ ਨੀ ਇਹ ਲਿਖ ਸਕਦਾ
ਜਿਹੜੀ ਲਿਖਤ ਲਿਖਾਉਣਾ ਏਂ ਤੂੰ।
ਇਸ ਪੱਟੀ ਨੇ ਪੱਟੀ ਜਾਣਾ
ਪੱਟੀ ਜਿਹੜੀ ਪੜ੍ਹਾਉਣਾ ਏਂ ਤੂੰ।
ਮੁੱਲਾਂ ਦੇਖ ਬ੍ਰਾਹਮਣ ਨੂੰ ਵੀ
ਨਫ਼ਰਤ ਨਾਲ ਬੁਲਾਉਣਾ ਏਂ ਤੂੰ।
ਇਹ ਰਸਤਾ ਦੋਜ਼ਖ ਨੂੰ ਜਾਂਦਾ
ਜਿਹੜੇ ਰਸਤੇ ਪਾਉਣਾ ਏਂ ਤੂੰ।

ਜਿਹੜਾ ਸੰਗ ਸ਼ੈਤਾਨ ਦੇ ਤੁਰਿਆ
ਉਹ ਬੰਦਾ ਸੰਗ ਸਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਨਾਨਕ ਸੁੱਤੇ ਵੱਗ ਚਾਰਦੇ
ਕਲਪ ਬਿਰਛ ਦੀ ਮੁਖ ਤੇ ਛਾਇਆ।
ਛਾਂ ਗਈ ਜਦ ਸੂਰਜ ਨੇ ਵੀ
ਆ ਕਿਰਨਾ ਦਾ ਛਤਰ ਝੁਲਾਇਆ
ਮੋਹ ਵਿਗੁੱਤਾ ਫਨੀਅਰ ਆਇਆ
ਨੂਰੀ ਮੁੱਖ ਤੇ ਫੱਨ ਫੈਲਾਇਆ।
ਵੱਖੋ ਵੱਖ ਸੁਭਾ ਤਿਨਾ ਦੇ
ਪਿਆਰ ਤਿਨਾ ਹੀ ਇਕ ਨਾਲ ਪਾਇਆ।

ਦੀਦੇ ਉਜਲੇ ਤਿਨਾਂ ਨੂੰਹੀ
ਨਾਨਕ ਦਾ ਦੀਦਾਰ ਹੋ ਗਿਆ।
ਰੀਠੇ ਮਿਠੜੇ ਘੱਕ ਵੀ ਮਿਠੜੇ
ਕੁੱਲ ਮਿਠੜਾ ਸੰਸਾਰ ਹੋ ਗਿਆ।

ਚਾਰਾ ਹੈ ਕਾਲੂ ਜੀ ਦਾ
ਗੁਰ ਨਾਨਕ ਨੇ ਮੰਗੂ ਚਾਰੇ।
ਮੱਝਾਂ ਨੇ ਕੁਲ ਫਸਲ ਚਰੂੰਡੀ
ਜੱਟ ਖਲੋਤਾ ਢਾਹਾਂ ਮਾਰੇ।

ਕਾਲੂ ਦਾ ਪੁੱਤ ਬੜਾ ਨਿਕੰਮਾ
ਜੱਟ ਉਲਾਂਭਾ ਕਦੋਂ ਸਹਾਰੇ।
ਫਸਲ ਦੁਬਾਰਾ ਦੇਖੀ ਜਾ ਕੇ
ਧਾਨ ਹਰੇ ਸਾਰੇ ਦੇ ਸਾਰੇ।

ਜੱਟ ਬੜਾ ਸ਼ਰਮਿੰਦਾ ਹੋ ਗਿਆ
ਚੰਭਤ ਰਾਏ ਬੁਲਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਗੁਰ ਨਾਨਕ ਪਰਵਰਤਨ ਆਂਦਾ
ਨ੍ਹੇਰੇ ਹਿਰਦਿਆਂ ਵਿਚ ਰੁਸ਼ਨਾਈ।
ਸਿੱਧ ਕਿਸ ਤਰ੍ਹਾਂ ਸਿੱਧ ਹੋ ਗਏ
ਕਿਸ ਤਰ੍ਹਾਂ ਪ੍ਰਸਿੱਧੀ ਪਾਈ।
ਗੀਤ ਇਲਾਹੀ ਸਤਿਗੁਰ ਗਾਇਆ
ਮਰਦਾਨੇ ਰਬਾਬ ਵਜਾਈ।
ਲੈ ਕੇ ਓਟ ਅਕਾਲ ਪੁਰਖ ਦੀ
ਸੋਧਨ ਤੁਰਿਆ ਧਰਤ ਲੁਕਾਈ।

ਦੇਣਹਾਰ ਸੀ ਨਾਮ ਸਿਮਰਦੇ
ਲਹਿਣਾ ਲਹਿਣੇਦਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਮੁੱਲਾਂ ਨੇ ਬਿਸਮਿੱਲਾ ਕਹਿ ਕੇ
ਗਊ ਦੇ ਗਲ 'ਤੇ ਛੁਰੀ ਚਲਾਈ।
ਭਾਈ ਨੇ ਵੀ ਪਕੜ ਗੰਡਾਸਾ
ਸੂਅਰ ਦੀ ਮੁੰਡੀ ਝਟਕਾਈ।
ਰੱਬ ਦਾ ਲੈ ਕੇ ਨਾਂ ਦੋਹਾਂ ਨੇ
ਕਿੱਦਾਂ ਰੱਬ ਦੀ ਰੂਹ ਤੜਫਾਈ।
ਇਹਨਾਂ ਨੂੰ ਵੀ ਪੀੜ ਹੋਏਗੀ
ਜਦੋਂ ਇਨ੍ਹਾਂ ਦੀ ਵਾਰੀ ਆਈ।

ਗੁਰ ਨਾਨਕ ਦੀ ਨਜ਼ਰ ਸਵੱਲੀ
ਹਰ ਕੰਡਾ ਗੁਲਜ਼ਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਗੁਰ ਨਾਨਕ ਦਾ ਨਵਾਂ ਕ੍ਰਿਸ਼ਮਾ
ਗੁਰ ਨਾਨਕ ਨੇ ਕਲਾ ਦਿਖਾਈ।
ਕੋਧਰੇ ਵਿਚੋਂ ਦੁੱਧ ਵਗੇਂਦਾ
ਹਲਵੇ ਵਿਚੋਂ ਰੱਤ ਦਿਖਾਈ।
ਸਾਰੀ ਦੁਨੀਆਂ ਅੰਦਰ ਐਸੀ
ਇਕ ਮਿਸਾਲ ਨਜ਼ਰ ਨੀ ਆਈ।
ਮਲਕ ਭਾਗੋ ਨੇ ਨਿਰਧਨ ਲੁੱਟੇ
ਲਾਲੋ ਕੀਤੀ ਨੇਕ ਕਮਾਈ।

ਕਿਹੜਾ ਪਾਪੀ ਕਿਹੜਾ ਧਰਮੀ
ਨਿਰਨਾ ਆਖਰਕਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਕਾਲੂ ਜੀ ਨੇ ਵੀਹ ਰੁਪਈਏ
ਗੁਰ ਨਾਨਕ ਦੇ ਬੋਝੇ ਪਾਏ।
ਨਾਨਕ ਖੱਟੇ ਹੋਰ ਮੁਨਾਫ਼ਾ
ਕਾਲੂ ਮਨ ਵਿਚ ਮਤੇ ਪਕਾਏ।
ਸਦੀਆਂ ਹੋਈਆਂ ਸਿੱਖ ਕੌਮ ਨੇ
ਦੁਨੀਆਂ ਦੇ ਵਿਚ ਲੰਗਰ ਲਾਏ।
ਉਹੀਓ ਵੀਹ ਰੁਪਈਏ ਨਹੀਉਂ
ਅੱਜ ਤੱਕ ਮੁਕਣ ਤੇ ਆਏ।

ਕਰਤਾਰ ਕਰਤਾਰ ਜਪੰਦਾ
ਹਰ ਬੰਦਾ ਕਰਤਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਕੌੜੇ ਦਾ ਵੀ ਗਰਮ ਕੜਾਹਾ
ਇਕ ਦਮ ਠੰਡਾ-ਠਾਰ ਹੋ ਗਿਆ।
ਵਲੀ ਕੰਧਾਰੀ ਦਾ ਵੀ ਇਕ ਦਮ
ਕਿੱਦਾਂ ਦੂਰ ਹੰਕਾਰ ਹੋ ਗਿਆ।
ਸੱਜਣ ਠੱਗ ਠੱਗੀ ਤੋਂ ਟਲਿਆ
ਭਗਤਾਂ ਵਿਚ ਸ਼ੁਮਾਰ ਹੋ ਗਿਆ।
ਕੌੜਾ ਰੀਠਾ ਮਿੱਠੜਾ ਹੋਇਆ
ਕੌਤਕ ਅਲੌਕਾਰ ਹੋ ਗਿਆ।

ਪੱਤਝੜ ਗਈ ਹਮੇਸ਼ਾ ਦੇ ਲਈ
ਮੌਸਮ ਸਦਾ ਬਹਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

ਓ ਦੁਨੀਆਂ ਦੇ ਭੁੱਲੜ ਬੰਦਿਓ
ਆਓ ਆਪਣੀ ਭੁੱਲ ਬਖ਼ਸ਼ਾਓ।
ਗੁਰ ਨਾਨਕ ਦੇ ਝੰਡੇ ਥੱਲੇ
ਮਾਰ ਪੁਲਾਂਘਾਂ ਜਲਦੀ ਆਓ।
ਨਾ ਮੰਦਰ ਦੀ ਮਮਟੀ ਢਾਓ
ਨਾ ਮਸਜਿਦ ਨੂੰ ਆਂਚ ਪੁਚਾਓ।
ਭਾਵੇਂ ਰੱਬ ਇਨ੍ਹਾਂ ਵਿਚ ਹੈ ਨੀ
ਤਾਂ ਵੀ ਰੱਬ ਦਾ ਘਰ ਨਾ ਢਾਓ।

ਉੱਚਾ ਨੀਵਾਂ ਟੋਆ ਟਿੱਬਾ
ਓ ਸਫ਼ਰੀ ਇਕਸਾਰ ਹੋ ਗਿਆ।
ਸੁਣ ਨਾਨਕ ਦੀ ਮਿੱਠੜੀ ਬਾਣੀ
ਮਿੱਠੜਾ ਕੁਲ ਸੰਸਾਰ ਹੋ ਗਿਆ।

*****

2

ਗੁਰੂ ਅੰਗਦ ਦੇਵ ਜੀ

ਫੇਰੂ ਮਲ ਦੇ ਫਿਰੇ ਮੁਕੱਦਰ
ਹੋਰ ਖੁਸ਼ੀ ਇਕ ਘਰ ਵਿਚ ਆਈ।
ਚਾਰ ਚੁਫੇਰੇ ਖੁਸ਼ੀਆਂ ਖੁਸ਼ੀਆਂ
ਪੁੱਤਰ ਜਾਇਆ ਮਾਂ ਸਭਰਾਈ।
ਸਰਾਂ ਮੱਤੇ ਦੀ ਗੁਰਮਤ ਗੁਰਮਤ
ਮਨ-ਮਤ ਏਥੋਂ ਦੂਰ ਭਜਾਈ।
ਲਹਿਣਾ ਜੀ ਦੇ ਰੂਪ 'ਚ ਨਾਨਕ
ਹੋਰ ਨਵੀਂ ਇਕ ਜੋਤ ਜਗਾਈ।

ਇਹ ਧਰਤੀ ਗੁਰੂਆਂ ਦੀ ਧਰਤੀ
ਗੁਰੂਆਂ ਦਾ ਹੀ ਵਾਸ ਹੋਏਗਾ।
ਬਾਬਰ ਜਹੇ ਬੇਦਰਦ ਮੁਗਲ ਦਾ
ਨਾਸ ਹੋਏਗਾ ਨਾਸ ਹੋਏਗਾ।

ਕਰਤਾਰਪੁਰ ਕਰਤਾਰ ਨੇ ਦੇਖੋ
ਦਇਆ ਮਿਹਰ ਦੀ ਵਰਖਾ ਲਾਈ।
ਲਹਿਣਾ ਜੀ ਨੇ ਸਿਮਰਨ ਕੀਤਾ
ਹੱਥੀਂ ਕੀਤੀ ਨੇਕ ਕਮਾਈ।
ਹਰੀਪੁਰੇ ਵਿਚ ਹਰ ਹਰ ਨਾਮ ਦੀ
ਗੋਇੰਦਵਾਲ ਆਂਦੀ ਹਰਿਆਈ।
ਪਹੁੰਚੇ ਸ੍ਰੀ ਖਡੂਰ ਸਾਹਿਬ ਵਿਚ
ਲਹਿਣੇ ਦਿਲ ਦੀ ਬਾਤ ਸੁਣਾਈ।

ਮੈਂ ਦੇਵੀ ਦਾ ਭਗਤ ਨਹੀਂ ਹਾਂ
ਪਰ ਇਸ ਮੋੜ ਤੋਂ ਮੁੜ ਬੈਠਾ ਹਾਂ।
ਗੁਰ ਨਾਨਕ ਦੇ ਪਾਕ ਪਵਿੱਤਰ
ਚਰਨਾਂ ਦੇ ਸੰਗ ਜੁੜ ਬੈਠਾ ਹਾਂ।

ਚੰਨ ਚਮਕਿਆ ਇਕ ਧਰਤੀ ਤੇ
ਚਮਤਕਾਰ ਖਡੂਰ ਸਾਹਿਬ ਦਾ।
ਗੁਰਸਿਖੀ ਦੀ ਮਹਿਕ ਖਿੰਡਰ ਗਈ
ਪਰਉਪਕਾਰ, ਖਡੂਰ ਸਾਹਿਬ ਦਾ।
ਦਿਨ ਨੂੰ ਸੂਰਜ ਰਾਤ ਚੰਦਰਮਾ
ਪਹਿਰੇਦਾਰ ਖਡੂਰ ਸਾਹਿਬ ਦਾ।
ਮੁਕਤੀ ਮਿਲ ਗਈ ਦਰਸ਼ਨ ਕੀਤਾ
ਜਿਨ ਇਕ ਵਾਰ ਖਡੂਰ ਸਾਹਿਬ ਦਾ।

ਨਵਾਂ ਨਵਾਂ ਲਹਿਣੇ ਦਾ ਜੀਵਨ
ਪਿਛਲਾ ਜੀਵਨ ਭੰਗ ਹੋ ਗਿਆ।
ਅੰਗਦ ਲੱਗਾ ਅੰਗ ਗੁਰੂ ਦੇ
ਹਰ ਸੋਨੇ ਦਾ ਅੰਗ ਹੋ ਗਿਆ।

ਗੁਰ ਅੰਗਦ ਦੀ ਧੰਨ ਕਮਾਈ
ਮਾਤਾ ਖੀਵੀ ਲੰਗਰ ਲਾਏ।
ਰਾਉਂ ਰੰਕ ਇਕ ਸਫ ਤੇ ਬਹਿੰਦੇ
ਇਸ ਲੰਗਰ ਨੂੰ ਛਕੇ ਛਕਾਏ।
ਇਹ ਲੰਗਰ ਮਾਖਿਉਂ ਤੋਂ ਮਿੱਠਾ
ਇਸ ਦੀ ਮਹਿਮਾ ਕਹੀ ਨਾ ਜਾਏ।
ਨਾਨਕ ਦਾ ਅਮੁਕ ਭੰਡਾਰ
ਹਰਗਿਜ਼ ਨਾ ਮੁਕਣ ਤੇ ਆਏ।

ਲੰਗਰ ਚਲਦਾ ਗੁਰੂਦੁਆਰੇ
ਹੋਰ ਧਾਮ ਵੀ ਨਜ਼ਰੀਂ ਆਉਂਦੇ।
ਵੱਡੇ ਵੱਡੇ ਬੁਰਕ ਮਾਰਦੇ
ਨਹੀਂ ਕੁੱਤੇ ਨੂੰ ਬੁਰਕੀ ਪਾਉਂਦੇ।

ਪਰਖ ਕਸੌਟੀ ਤੇ ਲਹਿਣਾ ਜੀ
ਪੂਰੇ ਉਤਰੇ ਗੁਰ ਅਜ਼ਮਾਇਆ।
ਗੰਦੀ ਨਾਲੀ ਕੱਢ ਕਟੋਰਾ
ਧੋਤਾ ਮਾਂਜਿਆ ਤੇ ਲਿਸ਼ਕਾਇਆ।

ਮੁਰਦੇ ਖਾਣੇ ਲੋਕ ਸੁਧਰ ਗਏ
ਜਦ ਮੁਰਦੇ ਨੂੰ ਮੂੰਹ ਛੁਹਾਇਆ।
ਨਿਉਂ ਨਿਉਂ ਕੀਤੀ ਨਮਸਕਾਰ ਤੇ
ਗੁਰੂ ਸਾਹਬ ਦੇ ਹੱਥ ਫੜਾਇਆ।

ਗੁਰ ਨਾਨਕ ਫ਼ਰਮਾਇਆ ਲਹਿਣਾ
ਗੁਰ ਗੱਦੀ ਤੋਂ ਲਹਿ ਨੀ ਸਕਦਾ।
ਬਿਨ ਲਹਿਣੇ ਤੋਂ ਭਾਰ ਗੱਦੀ ਦਾ
ਹੋਰ ਸਿੱਖ ਕੁਈ ਸਹਿ ਨਹੀਂ ਸਕਦਾ।

ਸ਼ਿਵਨਾਭ ਇਕ ਤਪਾ ਪਾਖੰਡੀ
ਕਹਿੰਦਾ ਸਿੱਖੋ ਹੋਸ਼ 'ਚ ਆਓ।
ਔੜ ਲੱਗੀ ਹੈ ਮੀਂਹ ਪੁਆ ਦਊਂ
ਗੁਰ ਅੰਗਦ ਨੂੰ ਮੂੰਹ ਨਾ ਲਾਓ।
ਗੁਰਾਂ ਆਖਿਆ ਸਾਧ ਸੰਗਤ ਜੀ
ਇਸ ਤਪੀਏ ਨੂੰ ਵੀ ਅਜ਼ਮਾਓ।
ਸਤਿਗੁਰ ਕੁਝ ਦਿਨ ਲਾਂਭੇ ਹੋ ਗਏ
ਨਾ ਮੀਂਹ ਪਿਆ ਨਾ ਵੱਗੀ ਵਾਉ।

ਤਪੀ ਪਾਖੰਡੀ ਨੂੰ ਫੜ ਜਿਥੇ
ਜਿਥੇ ਲੋਕ ਘਸੀਟੀ ਗਏ।
ਏਨਾ ਅੰਬਰ ਮੀਂਹ ਵਰ੍ਹਾਇਆ
ਲੋਕੀਂ ਅੱਖਾਂ ਮੀਟੀ ਗਏ।

ਸਤਿਗੁਰ ਬੋਲੇ ਰਾਹ ਸਿੱਖੀ ਦਾ
ਬੜਾ ਕਠਨ ਅਪਣਾਉਣਾ ਪੈਣਾ।
ਗੁਰ ਨਾਨਕ ਦੇ ਝੰਡੇ ਥੱਲੇ
ਕੁਲ ਦੁਨੀਆਂ ਨੂੰ ਆਉਣਾ ਪੈਣਾ।
ਲਾਲੋ ਵਾਂਗੂ ਕਿਰਤ ਕਮਾਈ
ਕਰਕੇ ਡੰਗ ਲੰਘਾਉਣਾ ਪੈਣਾ।
ਲਹੂਆਂ ਦੇ ਵਿਚ ਨ੍ਹਾਉਣ ਵਾਲਿਓ
ਅੰਮ੍ਰਿਤ ਦੇ ਵਿਚ ਨ੍ਹਾਉਣਾ ਪੈਣਾ।

ਪਾਪੀ ਤੇ ਪਾਖੰਡੀ ਬਣ ਕੇ
ਕਾਹਨੂੰ ਆਪਣਾ ਜਨਮ ਗੁਆਇਆ।
ਹਿਰਦਾ ਤੇਰਾ ਸਾਫ਼ ਨਹੀਂ ਤਾਂ
ਕਿਉਂ ਬੂਥੇ ਤੇ ਸਾਬਣ ਲਾਇਆ।

ਏਸ ਸੰਮੇਂ ਦੇ ਭੇਖੀ ਸਿੱਖਾ
ਕਿਉਂ ਸਿੱਖੀ ਤੋਂ ਟੁੱਟੀ ਜਾਨੈਂ।
ਤੂੰ ਬ੍ਰਾਹਮਣ ਨੂੰ ਦਾਨ ਕਰੇਂਨਾ
ਸ਼ੂਦਰ ਦਾ ਘਰ ਲੁੱਟੀ ਜਾਨੈਂ।
ਪਾਪਾਂ ਦੀ ਜੜ੍ਹ ਲਾਈ ਜਾਨੈਂ
ਧਰਮ ਦਾ ਬੂਟਾ ਪੁੱਟੀ ਜਾਨੈਂ।
ਗਲ ਵਿਚ ਜਿਹਦੇ ਕੁੜਤਾ ਵੀ ਨਹੀਂ
ਉਹਦਾ ਵੀ ਗਲ ਘੁੱਟੀ ਜਾਨੈਂ।

ਏਨੇ ਜਿਹੜੇ ਪਾਪ ਕਮਾਉਣੇ
ਕਿਸ ਦੀ ਝੋਲੀ ਪਾਵੇਂਗਾ ਤੂੰ।
ਧਰਮ ਰਾਜ ਜਦ ਲੇਖਾ ਮੰਗਿਆ
ਕੀ ਮੁਖ ਲੈ ਕੇ ਜਾਵੇਂਗਾ ਤੂੰ।

ਗੁਰਸਿੱਖੀ ਤੋਂ ਮੁਨਕਰ ਸਿੱਖਾ
ਕਾਹਦਾ ਸਿੱਖ ਕਹਾਉਨਾ ਏਂ ਤੂੰ।
ਪੰਜ ਕੱਕੇ ਤੈਨੂੰ ਸਤਿਗੁਰ ਬਖ਼ਸ਼ੇ
ਕਿੰਨੇ ਤੋੜ ਨਿਭਾਉਨਾ ਏਂ ਤੂੰ।
ਰੂਹ ਤਾਂ ਹੁੰਦੀ ਹੋਰ ਕਿਤੇ ਜਦ
ਗੁਰਦੁਆਰੇ ਆਉਨਾ ਏਂ ਤੂੰ।
ਭੇਖੀ ਸਿੱਖਾ ਗਲਾ ਕਟਾ ਲੈ
ਕਾਹਨੂੰ ਕੇਸ ਕਟਾਉਨਾ ਏਂ ਤੂੰ?

ਜੇ ਬਾਣੀ ਤੇ ਅਮਲ ਨੀ ਕਰਨਾ
ਬਾਣੀ ਗਾਉਣਾ ਠੀਕ ਨਹੀਂ ਹੈ।
ਜੋ ਕੁਝ ਮਰਜ਼ੀ ਹੋਰ ਕਹਾ ਲੈ
ਸਿੱਖ ਕਹਾਉਣਾ ਠੀਕ ਨਹੀਂ ਹੈ।

*****

3

ਗੁਰੂ ਅਮਰਦਾਸ ਜੀ

ਅਮਰਦਾਸ ਗੁਰ ਨਾਨਕ ਜੀ ਦੀ
ਤੀਜੀ ਜੋਤ ਜਗਤ ਵਿਚ ਆਈ।
ਤੇਜ ਭਾਨ ਨੂੰ ਲੱਖ ਮੁਬਾਰਕ
ਲਕਸ਼ਮੀ ਜੀ ਨੂੰ ਲੱਖ ਵਧਾਈ।
ਅੰਗਦ ਜੀ ਨੇ ਇਸ ਧਰਤੀ ਦੇ
ਅੰਗ ਅੰਗ ਤੇ ਨਜ਼ਰ ਦੌੜਾਈ।
ਅਮਰਦਾਸ ਦੀ ਸੇਵਾ ਵਰਗੀ
ਇਕ ਮਿਸਾਲ ਨਜ਼ਰ ਨੀ ਆਈ।

ਲੰਗਰ ਵਿਚ ਦਿਲ ਗੱਡੀ ਰਖਿਆ
ਗੱਡੇ ਵਾਂਗ ਜਿਸਮ ਨੂੰ ਵਾਹਿਆ।
ਅਮਰਦਾਸ ਨੇ ਨਹੀਂ ਮੰਡਾਸਾ
ਸਾਰੀ ਉਮਰਾਂ ਸਿਰ ਤੋਂ ਲਾਹਿਆ।

ਬਾਸਰਕੇ ਦੇ ਵਾਸੀ ਸਤਿਗੁਰ
ਉਜੜੇ ਲੋਕਾਂ ਤਾਈਂ ਵਸਾਇਆ।
ਲੰਗਰ ਲਾਏ, ਸੇਵਾ ਕੀਤੀ
ਸਿਮਰਨ ਦਾ ਪਰਵਾਹ ਚਲਾਇਆ।
ਧੁੱਪ ਦੁਖਾਂ ਦੀ ਪੋਹ ਨਾ ਸਕੀ
ਗੁਰ ਨਾਨਕ ਦੇ ਹੱਥ ਦਾ ਸਾਇਆ।
ਭੂਤ ਪ੍ਰੇਤ ਦਾ ਖੌਫ ਹਟਾ ਕੇ
ਗੋਇੰਦਵਾਲ ਇਕ ਸ਼ਹਿਰ ਵਸਾਇਆ।

ਗੋਇੰਦਵਾਲ ਵਿਚ ਪਾਣੀ ਨਹੀਂ ਸੀ
ਕੋਰਾ ਅੰਬਰ ਵਲੋਂ ਜਵਾਬ।
ਕੁਝ ਦਿਨ ਬੀਤੇ ਐਨ ਭਰ ਗਿਆ
ਇਕ ਖੂਹ ਤੇ ਇਕ ਤਾਲਾਬ।

ਅਮਰ ਆਤਮਾ ਅਮਰੋ ਬੀਬੀ
ਅਮਰਦਾਸ ਨੂੰ ਅਮਰ ਬਣਾਇਆ।
ਖਡੂਰ ਸਾਹਿਬ ਵਰਸ ਰਿਹਾ ਸੀ
ਗੁਰ ਨਾਨਕ ਦਾ ਨੂਰ ਸਵਾਇਆ।
ਅਮਰਦਾਸ ਰਾਹ ਖੋਜ ਰਿਹਾ ਸੀ
ਬੀਬੀ ਅਮਰੋ ਰਸਤੇ ਪਾਇਆ।
ਅਮਰਦਾਸ ਨੂੰ ਗੁਰ ਅੰਗਦ ਦੇ
ਚਰਨਾਂ ਵਿਚ ਲਿਆ ਬਿਠਾਇਆ।

ਪਹੁੰਚੇ ਜਦੋਂ ਖਡੂਰ ਸਾਹਿਬ ਵਿਚ
ਅਮਰਦਾਸ ਜੀ ਜਾਣੇ ਗਏ।
ਗੋਦੜੀਆਂ ਵਿਚ ਛੁਪੇ ਛੁਪੇ ਵੀ
ਇਕ ਦਮ ਲਾਲ ਪਛਾਣੇ ਗਏ।

ਗੁਰੂ ਦੀ ਸੇਵਾ ਕਰਨੇ ਦੇ ਵਿਚ
ਅਮਰਦਾਸ ਦਾ ਸਾਨੀ ਕੌਣ।
ਸਿਰੜੀ ਅਤੇ ਤਪੱਸਵੀ ਕੌਣ
ਭਗਤ ਸੂਰਮਾ ਦਾਨੀ ਕੌਣ।
ਸਿੱਖ ਬੀਬੀਆਂ ਬਾਝਹੁ ਕਰਦਾ
ਸਿੱਖੀ ਦੀ ਨਿਗਰਾਨੀ ਕੌਣ।
ਜੱਗ ਵਿਚ ਬੀਬੀ ਅਮਰੋ ਕੌਣ
ਬਣ ਸਕਦੀ ਹੈ ਭਾਨੀ ਕੌਣ।

ਜਿਸ ਅੰਗਦ ਨੂੰ ਤੱਕਿਆ ਮਾਨੋਂ
ਨਾਨਕ ਦਾ ਦੀਦਾਰ ਹੋ ਗਿਆ।
ਨਿਰੰਕਾਰ ਨੂੰ ਜਪਦਾ ਜਪਦਾ
ਖੁਦ ਬੰਦਾ ਨਿਰੰਕਾਰ ਹੋ ਗਿਆ।

ਭਰੀ ਬਿਆਸਾ ਵਿਚੋਂ ਗਾਗਰ
ਅਮਰਦਾਸ ਘਰ ਵੱਲ ਪਰਤਾਏ।
ਸਤਿਗੁਰ ਨੂੰ ਇਸ਼ਨਾਨ ਕਰਾਉਣਾ
ਇਕ ਵੀ ਨਾਗਾ ਪੈ ਨਾ ਜਾਏ।

ਰਾਤ ਹਨ੍ਹੇਰੀ ਠੋਕਰ ਵੱਜੀ
ਖੱਡੀ ਦੇ ਵਿਚ ਡਿੱਗ ਪਏ ਹਾਏ।
ਸੁਣਿਆ ਖੜਾਕ ਜੁਲਾਹੀ ਨੇ ਤਾਂ
ਮੂੰਹੋਂ ਖੜ੍ਹਵੇ ਸ਼ਬਦ ਸੁਣਾਏ।

ਹੁਣ ਤਾਂ ਸਾਰੀ ਦੁਨੀਆਂ ਸੁੱਤੀ
ਕੋਈ ਜਾਗਦਾ ਟਾਵਾਂ ਹੋਣਾ।
ਕਿਧਰੇ ਜਿਹਦਾ ਥਾਂ ਨੀ ਚੱਪਾ
ਅਮਰੂ-ਮਲ ਨਥਾਵਾਂ ਹੋਣਾ।

ਮਗਰ ਜੁਲਾਹੀ ਇਹ ਕੀ ਜਾਣੇ
ਇਹਨੂੰ ਜੱਗ ਦੁਆਵਾਂ ਦਊ।
ਇਹ ਉਹ ਰੁੱਖ ਜਗਤ ਵਿਚ ਸਭ ਨੂੰ
ਧੁੱਪਾਂ ਦੀ ਛਾਂ ਛਾਵਾਂ ਦਊ।
ਫਸੀ ਹੋਈ ਹੈ ਦੁਨੀਆਂ, ਸਭ ਦੇ
ਗਲ 'ਚੋਂ ਲਾਹ ਗਲਾਵਾਂ ਦਊ।
ਜੱਗ ਦੇ ਜਿੰਨੇ ਲੋਕ ਨਿਥਾਵੇਂ
ਇਹ ਅਮਰੂ ਹੀ ਥਾਵਾਂ ਦਊ।

ਸਾਰੀ ਦੁਨੀਆਂ ਖਾ ਖਾ ਜਾਵੇ
ਲੰਗਰ ਇਹਦਾ ਮੁਕਾ ਨੀ ਸਕਦੀ।
ਅਮਰਦਾਸ ਦੇ ਭਰੇ ਖ਼ਜ਼ਾਨੇ
ਤੋਟ ਕਦੇ ਵੀ ਆ ਨੀ ਸਕਦੀ।

ਗੁਰ ਅੰਗਦ ਫਰਮਾਇਆ ਸਿੱਖੋ
ਸਿੱਖ ਕਹਾਉਣਾ ਬਹੁਤ ਕਠਨ ਹੈ।
ਜਿਉਂ ਭੰਬਟ ਦਾ ਬਲਦੀ ਅੱਗ ਤੇ
ਖੰਭ ਜਲਾਉਣਾ ਬਹੁਤ ਕਠਨ ਹੈ।
ਲੰਗਰ ਦੇ ਭਾਂਡੇ ਲਿਸ਼ਕਾ ਕੇ
ਦਿਲ ਲਿਸ਼ਕਾਉਣਾ ਬਹੁਤ ਕਠਨ ਹੈ।
ਮੁਰਦੇ ਖਾਣਿਆਂ ਖਾਤਰ, ਮੁਰਦੇ
ਨੂੰ ਮੂੰਹ ਲਾਉਣਾ ਬਹੁਤ ਕਠਨ ਹੈ।

ਦਰ ਦਰ ਤੋਂ ਨਹੀਂ ਮੰਗਿਆਂ ਮਿਲਦੀ
ਸਿੱਖੀ ਹੈ ਕੁਈ ਭਿਖ ਨਹੀਂ ਹੈ।
ਬਾਣੀ ਪੜ੍ਹ ਕੇ ਕੀਮਤ ਮੰਗੇ
ਉਹ ਨਾਨਕ ਦਾ ਸਿੱਖ ਨਹੀਂ ਹੈ।

ਗੱਦੀ ਉਤੇ ਅਮਰ ਦਾਸ ਜੀ
ਨਾਨਕ ਨਾਨਕ ਗਾ ਕੇ ਬੈਠੇ।
ਨਰਮ ਜਹੀ ਕੰਗ ਰੋੜ ਦੇ ਉਤੇ
ਇਕ ਦੋ ਲੱਤਾਂ ਖਾ ਕੇ ਬੈਠੇ।
ਬਹਿਣਾ ਹੈ ਤਾਂ ਭੰਬਟ ਵਾਂਗੂ
ਅਪਣੇ ਖੰਭ ਜਲਾ ਕੇ ਬੈਠੇ।
ਵਿਚ ਸ਼ਹੀਦਾਂ ਦੇ ਬਹਿਣਾ ਤਾਂ
ਆਪਣਾ ਕਫਨ ਸਿਲਾ ਕੇ ਬੈਠੇ।

ਗੁਰ ਗੱਦੀ ਦਾ ਮਾਲਕ ਜਿਹਦੇ
ਸਿਰ ਨਾਨਕ ਦਾ ਸਾਇਆ ਹੋਵੇ।
ਗੱਦੀ ਦਾ ਹੱਕ ਉਹਦਾ ਜਿਹਨੇ
ਆਪਣਾ ਆਪ ਗੁਆਇਆ ਹੋਵੇ।

ਲੰਗਰ ਲਾਇਆ, ਸਿੱਖੀ ਦਾ ਪਰ-
ਤੱਖ ਨਜ਼ਾਰਾ ਅਮਰ ਦਾਸ ਹੈ।
ਪਿਆਰ ਕਰੇਂਦਾ ਸਿੱਖ ਸੰਗਤ ਨੂੰ
ਅਡਰਾ ਪਿਆਰਾ ਅਮਰ ਦਾਸ ਹੈ।
ਏਸ ਭਿਆਨਕ ਸਮੇਂ 'ਚ ਸਾਡੇ
ਦੁੱਖ ਦਾ ਚਾਰਾ ਅਮਰ ਦਾਸ ਹੈ।
ਰੱਬ ਨਾ ਲਭੇ ਰੱਬ ਵਰਗਾ
ਸਾਰੇ ਦਾ ਸਾਰਾ ਅਮਰ ਦਾਸ ਹੈ।

ਜੀਉਣਾ ਨਹੀਂ ਹਮੇਸ਼ਾ ਸਫ਼ਰੀ
ਆਪਾਂ ਇਕ ਦਿਨ ਤੁਰ ਜਾਣਾ ਏ।
ਪਾਣੀ ਵਿਚ ਪਤਾਸੇ ਵਾਂਗੂੰ
ਖੁਰਦਿਆਂ ਖੁਰਦਿਆਂ ਖੁਰ ਜਾਣਾ ਏਂ।

*****

4

ਗੁਰੂ ਰਾਮ ਦਾਸ ਜੀ

ਚੌਥੇ ਸਤਿਗੁਰ ਰਾਮ ਦਾਸ ਦਾ
ਚੋਜ ਨਿਆਰਾ ਹਰ ਮੰਦਰ ਹੈ।
ਪਰਾਣ ਪਿਆਰੇ ਪਰ ਪਰਾਣਾਂ ਤੋਂ
ਵੱਧ ਪਿਆਰਾ ਹਰ ਮੰਦਰ ਹੈ।
ਸੱਚ ਖੰਡ ਦਾ ਧਰਤੀ ਉੱਤੇ
ਨਵਾਂ ਨਜ਼ਾਰਾ ਹਰ ਮੰਦਰ ਹੈ।
ਧਰੂਅ ਜਿਹਦੇ ਲੱਖ ਗਿਰਦ ਘੁੰਮਦੇ
ਉਹ ਇਕ ਤਾਰਾ ਹਰ ਮੰਦਰ ਹੈ।

ਕੁਲ ਦੁਨੀਆਂ ਵਿਚ ਇਹੁ ਜਹੀ ਨਹੀਂ
ਬਾਤ ਅਣੋਖੀ ਨਜ਼ਰੀਂ ਆਈ।
ਗੁਰ ਅਰਜਨ ਨੇ ਮੁਸਲਮਾਨ ਤੋਂ
ਹਰ ਮੰਦਰ ਦੀ ਨੀਂਹ ਰਖਾਈ।

ਅੰਮ੍ਰਿਤਸਰ ਇਕ ਚੰਨ ਚਮਕਦਾ
ਹਰ ਹਿਰਦੇ ਜਿਸਦਾ ਲਿਸ਼ਕਾਰਾ।
ਸੋਨੇ ਰੰਗੀਆਂ ਇਸ ਦੀਆਂ ਰਿਸ਼ਮਾਂ
ਰੰਗ ਸੁਨਹਿਰੀ ਬੜਾ ਪਿਆਰਾ।
ਕੁਲ ਦੁਨੀਆਂ ਨੂੰ ਦਾਤਾਂ ਵੰਡੇ
ਨਾਨਕ ਦਾ ਅਮੁਕ ਭੰਡਾਰਾ।
ਏਥੋਂ ਮੁਕਤੀ ਲੈ ਕੇ ਜਾਂਦਾ
ਆਲਮ ਹੀ ਸਾਰੇ ਦਾ ਸਾਰਾ।

ਫਿਕਰ ਪੈ ਗਿਆ ਜਹਾਂਗੀਰ ਨੂੰ
ਵਕਤ ਅਜੇਹਾ ਆ ਜਾਵੇਗਾ।
ਗੁਰ ਨਾਨਕ ਦਾ ਝੰਡਾ ਸਾਰੀ
ਦੁਨੀਆਂ ਉੱਤੇ ਛਾ ਜਾਵੇਗਾ।

ਰਾਮ ਦਾਸ ਤੇਰੇ ਸਰ ਵਿਚ ਨ੍ਹਾ ਕੇ
ਜੀ ਉਠੇ ਅਸੀਂ ਮੋਏ ਮੋਏ।
ਕਾਵਾਂ ਚੁੰਝ ਤਲਾਂ ਵਿਚ ਡੋਬੀ
ਉਹ ਹੰਸਾਂ ਵ੍ਹਿਚ ਜਾ ਖਲੋਏ।
ਪਿੰਗਲੇ ਦੇ ਵੀ ਅੰਗ ਸਬੂਤੇ
ਤੇਰੇ ਸਰ ਵਿਚ ਨ੍ਹਾ ਕੇ ਹੋਏ।
ਦੁਖ ਭੰਜਨੀ ਹਰ ਕੀ ਪਉੜੀ
ਰਬ ਵਰਗੇ ਸਾਨੂੰ ਤੀਰਥ ਦੋਏ।

ਚਾਰੇ ਦਰ ਦਰਬਾਰ ਸਾਹਿਬ ਦੇ
ਚਾਰੇ ਜੁਗ ਹੰਢਾ ਸਕਦੇ ਨੇ।
ਸ਼ੂਦ ਬ੍ਰਾਹਮਣ ਵੈਸ਼ ਖਤਰੀ
ਚਾਰੇ ਏਥੇ ਆ ਸਕਦੇ ਨੇ।

ਚੌਥੇ ਸਤਿਗੁਰ ਰਾਮ ਦਾਸ ਨੇ
ਇਹ ਅਨੋਖੀ ਭਾਲੀ ਥਾਂ।
ਏਥੇ ਭਰਿਆ ਸਰ ਅੰਮ੍ਰਿਤ ਦਾ
ਅੰਮ੍ਰਿਤਸਰ ਇਹਦਾ ਤਾਹੀਓਂ ਨਾਂ।
ਕੁਲ ਸੰਸਾਰ ਦਾ ਇਹ ਰਖਵਾਲਾ
ਆਲਮ ਸਜਦੇ ਕਰਦਾ ਤਾਂ।
ਕਲਪ ਬਿਰਛ ਤੋਂ ਕਿਧਰੇ ਵਧ ਕੇ
ਏਸ ਬਿਰਛ ਦੀ ਗੂੜ੍ਹੀ ਛਾਂ।

ਆਤਿਸ਼ਬਾਜ਼ੀ ਚਲਦੀ ਜਿਸ ਵੇਲੇ
ਹੁੰਦਾ ਦੇਖਣ ਯੋਗ ਨਜ਼ਾਰਾ।
ਸੋਨੇ ਦਾ ਹੀ ਬਣ ਜਾਂਦਾ ਹੈ
ਅੰਮ੍ਰਿਤਸਰ ਸਾਰੇ ਦਾ ਸਾਰਾ।

ਮੁਕਤੀ ਦੇ ਵੀ ਦਾਤੇ ਏਥੋਂ
ਮੁਕਤੀ ਮੰਗਣ ਆਉਂਦੇ ਪਏ।
ਚੰਦ ਤੇ ਸੂਰਜ ਵੀ ਕਿਰਨਾਂ ਦਾ
ਸੁੰਦਰ ਚੌਰ ਝੁਲਾਉਂਦੇ ਪਏ।

ਬੜੇ ਬੜੇ ਸੰਗੀਤ ਦੇ ਮਾਹਿਰ
ਗੁਰੂ ਦੀ ਬਾਣੀ ਗਾਉਂਦੇ ਪਏ।
ਅੰਬਰ ਤੋਂ ਆ ਕੇ ਦੇਖੋ
ਇੰਦਰ ਸੀਸ ਨਿਵਾਉਂਦੇ ਪਏ।

ਛਤਰ ਚੌਰ ਦੇ ਮਾਲਿਕ ਏਥੇ
ਆਪਣਾ ਸੀਸ ਨਿਵਾ ਕੇ ਗਏ।
ਅਕਬਰ ਵਰਗੇ ਇਸ ਲੰਗਰ ਦੇ
ਬਾਸੀ ਟੁਕੜੇ ਖਾ ਕੇ ਗਏ।

ਹਰ ਮੰਦਰ ਦੀ ਆਨ ਸ਼ਾਨ ਲਈ
ਗੁਰੂਆਂ ਡਾਢੇ ਕਸ਼ਟ ਉਠਾਏ।
ਤੱਤੀ ਤੱਤੀ ਰੇਤ ਦੇ ਕੜਛੇ
ਗੁਰੂ ਅਰਜਨ ਨੇ ਸੀਸ ਪੁਆਏ।
ਮਨੀ ਸਿੰਘ ਗ੍ਰੰਥੀ ਨੇ ਵੀ
ਬੰਦ ਬੰਦ ਅਪਣੇ ਕਟਵਾਏ।
ਲੜਦੇ ਲੜਦੇ ਸੀਸ ਲਹਿ ਗਿਆ
ਸੀਸ ਬਿਨਾਂ ਧੜ ਲੜਦਾ ਜਾਏ।

ਸੀਸ ਉਠਾ ਕੇ ਤਲੀ ਤੇ ਧਰਿਆ
ਫਿਰ ਹਰ ਮੰਦਰ ਵੱਲ ਵਗਾਹਿਆ।
ਸੀਸ ਡਿੱਗਾ ਪਰਕਰਮਾ ਦੇ ਵਿਚ
ਦੀਪ ਸਿੰਘ ਨੇ ਪ੍ਰਣ ਨਿਭਾਇਆ।

ਹਰਿ ਮੰਦਰ ਜੇ ਜਿਸਮ ਕੌਮ ਦਾ
ਉਸ ਵਿਚ ਜਾਨ ਅਕਾਲ ਤਖ਼ਤ ਹੈ।
ਹਰ ਮੰਦਰ ਜੇ ਅਣਖ ਕੌਮ ਦੀ
ਉਸ ਵਿਚ ਆਨ ਅਕਾਲ ਤਖ਼ਤ ਹੈ।
ਚੌਥੇ ਗੁਰ ਦਾ ਮਨ ਹਰਿ ਮੰਦਰ
ਛਟੇ ਦਾ ਮਾਨ ਅਕਾਲ ਤਖ਼ਤ ਹੈ।
ਬੜਾ ਬੜਾ ਜੇ ਹਰ ਮੰਦਰ ਹੈ
ਬੜਾ ਮਹਾਨ ਅਕਾਲ ਤਖ਼ਤ ਹੈ।

ਅਕਾਲ ਤਖ਼ਤ ਤੋਂ ਕੰਡ ਵਲਾਈਏ
ਕੀ ਇਹ ਸਾਡੀ ਭੁੱਲ ਨਹੀਂ ਹੈ?
ਅਕਾਲ ਤਖ਼ਤ ਬਿਨ ਸਿੱਖ ਕੌਮ ਦਾ
ਦੋ ਕੌਡਾਂ ਵੀ ਮੁੱਲ ਨਹੀਂ ਹੈ।

ਸਿੱਖ ਕੌਮ ਦੀ ਸਭ ਤੋਂ ਉੱਚੀ
ਸੁੱਚੀ ਸ਼ਾਨ ਅਕਾਲ ਤਖ਼ਤ ਹੈ।
ਮੀਰੀ ਪੀਰੀ ਵਾਲੇ ਸਤਿਗੁਰ
ਦਾ ਵਰਦਾਨ ਅਕਾਲ ਤਖ਼ਤ ਹੈ।
ਜਿਥੋਂ ਗਿਆਨ ਦੇ ਹੀਰੇ ਲੱਭਦੇ
ਉਹ ਇਕ ਕਾਨ ਅਕਾਲ ਤਖ਼ਤ ਹੈ।
ਜਿਥੇ ਜੰਗੀ ਵਿਉਂਤਾਂ ਬਣੀਆਂ
ਉਹ ਅਸਥਾਨ ਅਕਾਲ ਤਖ਼ਤ ਹੈ।

ਇਹ ਖੁਦਾ ਦਾ ਘਰ ਪਵਿੱਤਰ
ਜਿਥੇ ਝੁਕਦੀ ਕੁਲ ਖੁਦਾਈ।
ਫੂਲਾ ਸਿੰਘ ਤੋਂ ਖਾ ਕੋਰੜੇ
ਰਣਜੀਤ ਸਿੰਘ ਭੁੱਲ ਬਖ਼ਸ਼ਾਈ।

ਅਕਾਲ ਤਖ਼ਤ ਹੈ ਮਹਾਂ ਦਿਆਲੂ
ਇਸ ਨੂੰ ਦੀਨ ਦਿਆਲ ਕਹਾਂਗੇ
ਜੇ ਦੁਸ਼ਮਣ ਤਲਵਾਰ ਉਠਾਈ
ਇਸ ਨੂੰ ਨਿੱਗਰ ਢਾਲ ਕਹਾਂਗੇ
ਅਕਾਲ ਤਖ਼ਤ ਨੇ ਹੀ ਦੁਖਾਂ ਦੇ
ਧੋਣੇ ਸਭ ਜੰਜਾਲ ਕਹਾਂਗੇ
ਬੋਲੇ ਸੋ ਨਿਹਾਲ ਕਹਾਂਗੇ
ਸਤਿ ਸ੍ਰੀ ਅਕਾਲ ਕਹਾਂਗੇ।

ਆਇਆ ਹੈ ਇਕ ਮੋੜ ਅਜੇਹਾ
ਹੁਣ ਨਾ ਮੁੜੇ ਫਿਰ ਮੁੜ ਨਾ ਸਕੋਗੇ।
ਜੇ ਟੁੱਟ ਗਏ ਅਕਾਲ ਤਖ਼ਤ ਤੋਂ
ਸਦੀਆਂ ਤੀਕ ਜੁੜ ਨਾ ਸਕੋਗੇ।

*****

5

ਗੁਰੂ ਅਰਜਨ ਦੇਵ

ਗੁਰ ਨਾਨਕ ਦੀ ਪੰਜਵੀਂ ਪੀੜ੍ਹੀ
ਪੰਚਮ ਗੁਰੂ ਪਿਆਰੇ।
ਸਾਰਾ ਜੀਵਨ ਬੜਾ ਅਨੋਖਾ
ਸੈਆਂ ਦੁੱਖ ਸਹਾਰੇ।

ਮਾਤਾ ਭਾਨੀ ਦੀ ਗੋਦੀ 'ਚੋਂ
ਚਮਕਿਆ ਨੂਰ ਨਿਆਰਾ।
ਚੌਥੇ ਸਤਿਗੁਰ ਰਾਮ ਦਾਸ ਦਾ
ਅਰਜਨ ਰਾਜ ਦੁਲਾਰਾ।

ਗੋਇੰਦਵਾਲ ਵਿਚ ਬਚਪਨ ਕਟਿਆ
ਫਿਰ ਅੰਮ੍ਰਿਤਸਰ ਆਏ।
ਸਭੇ ਧੰਦੇ ਪਿਤਾ ਵਾਲੜੇ
ਗੁਰ ਅਰਜਨ ਅਪਣਾਏ।

ਗੁਰਮੁਖੀ ਅੱਖਰ ਲਿਖੇ ਪੜ੍ਹੇ ਤੇ
ਸਿੱਖੀ ਘੋੜ ਸਵਾਰੀ।
ਵਰ੍ਹਿਆਂ ਵਿਚ ਹੀ ਉਘੇ ਹੋ ਗਏ
ਅਰਜਨ ਪਰਉਪਕਾਰੀ।

ਚੌਥੇ ਗੁਰੂ ਸਰੋਵਰ ਪੁਟਿਆ
ਧਰਮ ਦੇ ਕਾਜ ਰਚਾਏ।
ਸੂਰਜ ਚੰਨ ਮੰਡਾਸੇ ਬੰਨ੍ਹ ਕੇ
ਮਿੱਟੀ ਢੁੱਕਣ ਆਏ।

ਰਾਤ ਦਿਨੇ ਪਿਆ ਲੰਗਰ ਚਲਦਾ
ਸਭ ਦੀ ਸੇਵਾ ਹੋਵੇ।
ਪੱਖਾ ਫੇਰੇ ਪਵਨ ਦੇਵਤਾ
ਇੰਦਰ ਪਾਨੀ ਢੋਵੇ।

ਰਾਮ ਦਾਸ ਦੇ ਚਾਚੇ ਦਾ ਪੁੱਤ
ਵਿਆਹ ਲਾਹੌਰ ਰਚਾਇਆ।
ਗੁਰ ਅਰਜਨ ਨੂੰ ਉਸ ਸ਼ਾਦੀ ਵਿਚ
ਗਿਆ ਲਾਂਹੌਰ ਮੰਗਾਇਆ।

ਕੁਝ ਮਹੀਨੇ ਗੁਰ ਅਰਜਨ ਨੇ
ਸ਼ਹਿਰ ਲਾਹੌਰ ਗੁਜ਼ਾਰੇ।
ਮਿੱਠੀ ਬੋਲੀ ਲੱਟੂ ਹੋ ਗਏ
ਲੋਕ ਲਾਹੌਰ ਦੇ ਸਾਰੇ।

ਕਈ ਚਿੱਠੀਆਂ ਚੌਥੇ ਸਤਿਗੁਰ
ਗੁਰ ਅਰਜਨ ਨੂੰ ਪਾਈਆਂ।
ਪ੍ਰਿਥੀ ਚੰਦ ਨੇ ਰਾਹ ਵਿਚ ਥੰਮੀਆਂ
ਅਗੇ ਨਹੀਂ ਪਹੁੰਚਾਈਆਂ।

ਪ੍ਰਿਥੀ ਚੰਦ ਨੂੰ ਫਿਕਰ ਪਿਆ ਕਿ
ਅਰਜਨ ਮੇਰਾ ਭਾਈ।
ਪਿਤਾ ਦੇ ਤਾਈਂ ਮਨਾ ਕੇ ਕਿਧਰੇ
ਲੈ ਲਏ ਨਾ ਗੁਰਿਆਈ।

ਰੋਜ਼ ਪ੍ਰਿਥੀਏ ਤਾਈਂ ਚਿੰਤਾ
ਇਹੁ ਖਾਈ ਜਾਵੇ।
ਇਹ ਗੁਰਿਆਈ ਕਿਧਰੇ ਮੇਰੇ
ਹੱਥੋਂ ਨਿਕਲ ਨਾ ਜਾਵੇ।

ਜਿੰਨੀ ਸੇਵਾ ਅਰਜਨ ਕੀਤੀ
ਕਰ ਸਕਦਾ ਨੀ ਕੋਈ।
ਦੂਰ ਦੂਰ ਤੱਕ ਵਿਚ ਦੇਸ਼ ਦੇ
ਅਰਜਨ ਅਰਜਨ ਹੋਈ।

ਅਰਜਨ ਦੇ ਵਿਚ ਨਾਨਕ ਵੱਸਦਾ
ਸੰਗਤਾਂ ਰਮਜ਼ ਪਛਾਣੀ।
ਅਰਥਾਂ ਨਾਲ ਸੁਣਾਵੇ ਹਰ ਦਮ
ਗੁਰ ਨਾਨਕ ਦੀ ਬਾਣੀ।

ਸੇਵਾ ਦੇ ਵਿਚ, ਸਿਮਰਨ ਦੇ ਵਿਚ
ਗੁਰਾਂ ਨੇ ਹਿੱਸਾ ਲੀਤਾ।
ਸਿੱਖੀ ਦਾ ਪਰਚਾਰ ਗੁਰਾਂ ਨੇ
ਚੌਂਹ ਕੂੰਟਾਂ ਵਿਚ ਕੀਤਾ।

ਖਾਨਦਾਨ ਨੂੰ ਕੋਈ ਨੀ ਪੁੱਛਦਾ
ਨਾਨਕ ਰੀਤ ਚਲਾਈ।
ਜੂਠੇ ਭਾਂਡੇ ਮਾਂਜੇ ਜਿਹੜਾ
ਉਹਦੀ ਹੈ ਗੁਰਿਆਈ।

ਗੁਰ ਸਿੱਖੀ ਦਾ ਬੋਝ ਨਿਆਰਾ
ਸਿਰ ਤੇ ਪੈਂਦਾ ਸਹਿਣਾ।
ਲਾਲ ਤਵੀ ਤੇ ਜਿਸ ਨੀ ਬਹਿਣਾ
ਕੀ ਗੱਦੀ ਤੇ ਬਹਿਣਾ।

ਅੰਮ੍ਰਿਤਸਰ ਅੰਮ੍ਰਿਤ ਦਾ ਸੋਮਾ
ਹਰ ਥਾਂ ਠੰਢ ਵਰਸਾਵੇ
ਜਹਾਂਗੀਰ ਤੋਂ ਗੁਰ ਸਿੱਖੀ ਦੀ
ਤਾਬ ਨਾ ਝੱਲੀ ਜਾਵੇ।

ਜਹਾਂਗੀਰ ਨੂੰ ਸਿੱਖੀ ਦਾ
ਪਰਚਾਰ ਨਹੀਂ ਸੀ ਭਾਉਂਦਾ।
ਗੁਰ ਨਾਨਕ ਦਾ ਨਾਂ ਸੀ ਇਹਦੇ
ਅੱਗ ਕਾਲਜੇ ਲਾਉਂਦਾ।

ਖੁਸਰੋ ਦੀ ਇਸ ਕਰੀ ਸਹੈਤਾ
ਇਹ ਵੀ ਦੂਸ਼ਨ ਲਾਇਆ।
ਚੰਦੂ ਦੀ ਵੀ ਧੀ ਦਾ ਨਾਤਾ
ਇਸ ਨੇ ਮੋੜ ਘਲਾਇਆ।

ਜਹਾਂਗੀਰ ਨੇ ਆਖਿਆ ਅਸੀਂ ਤਾਂ
ਮੰਦਰ ਢਾਹੁਣੇ ਸਾਰੇ।
ਇਹ ਭਾਰਤ ਵਿਚ ਹੋਰ ਬਣਾਈ
ਜਾਂਦਾ ਗੁਰੂ ਦੁਆਰੇ।

ਅੰਮ੍ਰਿਤਸਰ ਦਾ ਲੱਖ ਰੁਪਈਆ
ਉਹ ਵੀ ਨੀ ਇਸ ਦਿੱਤਾ।
ਹਰ ਬੰਦੇ ਨੂੰ ਸਿੱਖ ਸਜਾਉਂਦਾ
ਇਹ ਅਰਜੁਨ ਦਾ ਕਿੱਤਾ।

ਗੁਰੂ ਗਰੰਥ ਦੀ ਬੀੜ ਬੰਨ੍ਹ ਕੇ
ਕੀਤਾ ਕੰਮ ਨਿਆਰਾ।
ਗੁਰੂ ਅਰਜਨ ਇਸਲਾਮ ਮਜ਼੍ਹਬ ਨੂੰ
ਘਾਟਾ ਪਾਇਆ ਭਾਰਾ।

ਜਹਾਂਗੀਰ ਨੇ ਹੁਕਮ ਸੁਣਾਇਆ
ਹੁਕਮ ਵਜਾਇਆ ਜਾਵੇ।
ਗੁਰ ਅਰਜਨ ਨੂੰ ਦਿਹ ਤਸੀਹੇ
ਮਾਰ ਮੁਕਾਇਆ ਜਾਵੇ।

ਖ਼ਾਨ ਮੁਰਤਜ਼ਾ ਤਵੀ ਤਪਾਈ
ਮੁਗ਼ਲਾਂ ਕਹਿਰ ਕਮਾਏ।
ਤੱਤੀ ਤੱਤੀ ਤਵੀ ਦੇ ਉੱਤੇ
ਸਤਿਗੁਰ ਗਏ ਬਿਠਾਏ।

ਸਤਿਗੁਰ ਬੋਲੇ ਓ ਬੇਦਰਦਾ
ਤਵੀਆਂ ਲਖ ਤਪਾ ਲੈ
ਸੜਦੀ ਸੜਦੀ ਰੇਤ ਮੇਰੇ ਤੂੰ
ਕੇਸਾਂ 'ਚ ਵੀ ਪਾ ਲੈ।

ਅਸੀਂ ਪਾਪ ਨੂੰ ਕੱਢਣੇ ਚਾਹੁੰਨੇ
ਤੂੰ ਕਢਣਾ ਏਂ ਡੋਲੇ।
ਈਨ ਤੇਰੀ ਨੀ ਮੰਨਣ ਲੱਗੇ
ਗੁਰ ਨਾਨਕ ਦੇ ਚੇਲੇ।

ਮੀਆਂ ਮੀਰ ਤੂੰ ਜਾਹ ਭਰਾਵਾ
ਨਾ ਕਰ ਬਹੁਤਾ ਚਾਰਾ।
ਜ਼ੁਲਮ ਕਰਨ ਵਿਚ ਮਸ਼ਹੂਰ ਹੈ
ਮੁਗ਼ਲ ਕੋੜਮਾਂ ਸਾਰਾ।

ਹਿੰਦੂ ਦਾ ਹੀ ਦੁਸ਼ਮਨ ਨਹੀਂ ਇਹ
ਇਹਦੇ ਦੁਸ਼ਮਨ ਸਾਰੇ।
ਫਕੱਰ ਇਨ ਸਰਮਦ ਜਹੇ ਵੀ
ਅੱਗ ਵਿਚ ਲੂਹ ਕੇ ਮਾਰੇ।

ਇਹ ਭਾਰਤ ਦੀ ਬੁਰੀ ਹਕੂਮਤ
ਨੀਤਾਂ ਬੁਰੀਆਂ ਬੁਰੀਆਂ।
ਗਊ ਗਰੀਬ ਦੋਹਾਂ ਦੇ ਗਲ ਤੇ
ਛੁਰੀਆਂ ਹੀ ਬਸ ਛੁਰੀਆਂ।

ਤੱਤੀ ਰੇਤ ਦੇ ਕੜਛੇ ਜਿਸ ਨੇ
ਗੁਰਾਂ ਦੇ ਸਿਰ ਵਿਚ ਪਾਏ
ਸੇਕ ਨਾਲ ਅੰਬਰ ਦੇ ਤਾਰੇ
ਭੁੱਜਦੇ ਭੁੱਜਦੇ ਨਜ਼ਰੀਂ ਆਏ।

ਪੰਜ ਦਿਹਾੜੇ ਸ਼ਹਿਰ ਲਾਹੌਰ ਤੇ
ਜ਼ੁਲਮ ਅਨੇਕਾਂ ਹੋਏ।
ਇੰਦਰ ਵਰਗੇ ਕਈ ਦੇਵਤੇ
ਭੁਸਕ ਭੁਸਕ ਕੇ ਰੋਏ।

ਸ਼ਾਂਤਮਈ ਦੇ ਪੁੰਜ ਸਤਿਗੁਰੂ
ਰਾਵੀ ਵਲ ਨੂੰ ਧਾਏ।
ਸੱਚ ਖੰਡ ਨੂੰ ਤੁਰ ਗਏ ਸਫ਼ਰੀ
ਮੁੜ ਵਾਪਿਸ ਨੀ ਆਏ।

*****

ਸ੍ਰੀ ਗੁਰੂ ਹਰਿਗੋਬਿੰਦ

ਛੇਵੇਂ ਪਾਤਸ਼ਾਹ ਹਰਿਗੋਬਿੰਦ ਸਾਹਿਬ
ਸ਼ੁਭ ਜਨਮ ਵਡਾਲੀ 'ਚ ਧਾਰਿਆ ਏ।
ਮਾਤਾ ਗੰਗਾ ਤੇ ਪੰਜਵੇਂ ਪਾਤਸ਼ਾਹ ਨੇ
ਬੁਕ ਲਾਲਾਂ ਦਾ ਲਾਲ ਤੋਂ ਵਾਰਿਆ ਏ।
ਇਹ ਨਾਨਕ ਦੀ ਗੱਦੀ ਹੈ, ਜਿਨ੍ਹੇ ਸਾਰੇ
ਡੁਬਦੇ ਹੋਏ ਜ਼ਮਾਨੇ ਨੂੰ ਤਾਰਿਆ ਏ।
ਜਿਨ੍ਹੇ ਨਾਮ ਦੀ ਠੰਡੀ ਫੁਹਾਰ ਪਾ ਕੇ
ਏਸ ਜਗਤ ਜਲੰਦੇ ਨੂੰ ਠਾਰਿਆ ਏ।

ਜਿਹਨੇ ਜ਼ਾਲਮ ਸਰਕਾਰ ਨੂੰ ਖਤਮ ਕਰਨਾ
ਉਹ ਮੋਤੀਆਂ ਵਾਲੀ ਸਰਕਾਰ ਆਈ।
ਪੱਤਝੜ ਹਮੇਸ਼ਾ ਲਈ ਖਤਮ ਹੋਈ
ਸਾਡੇ ਬਾਗ਼ਾਂ 'ਚ ਨਵੀਂ ਬਹਾਰ ਆਈ।

ਛੇਵੇਂ ਨਾਨਕ ਦੀ ਜੋਤ ਨੂੰ 'ਪ੍ਰਿਥੀਏ' ਨੇ
ਧਰਤੀ ਉਤੋਂ ਮਿਟਾਉਣ ਦਾ ਯਤਨ ਕੀਤਾ।
ਕਾਲਾ ਫਨੀਅਰ ਲੜਾਉਣ ਦਾ ਯਤਨ ਕੀਤਾ
ਚੋਰੀ ਜ਼ਹਿਰ ਪਿਲਾਉਣ ਦਾ ਯਤਨ ਕੀਤਾ।
'ਮਿਹਰਬਾਨ' ਨੂੰ 'ਹਰਿਗੋਬਿੰਦ' ਦੀ ਥਾਂ
ਗੱਦੀ ਉਤੇ ਬਿਠਾਉਣ ਦਾ ਯਤਨ ਕੀਤਾ।
ਗੁਰੂ ਨਾਨਕ ਦੇ ਜਗਦੇ ਦੀਪ ਜਿਹੜੇ
ਉਹਨਾਂ ਤਾਈ ਬੁਝਾਉਣ ਦਾ ਯਤਨ ਕੀਤਾ।

ਸਾਹਿਬਜ਼ਾਦੇ ਦਾ ਹੋਇਆ ਨਾ ਵਾਲ ਵਿੰਗਾ
ਕੌਡੀ ਪਾਪ ਦਾ ਪੈ ਨਾ ਮੁੱਲ ਸਕਿਆ।
ਨੇਕੀ ਸਾਹਮਣੇ ਬਦੀ ਦਾ ਮੂੰਹ ਕਾਲਾ
ਝੂਠ ਸੱਚ ਬਰਾਬਰ ਨਾ ਤੁੱਲ ਸਕਿਆ।

ਗੁਰੂ ਸਾਹਿਬ ਨੇ ਗੱਦੀ ਤੇ ਬਹਿੰਦਿਆਂ ਈ
ਇਕ ਬਹੁਤ ਵੱਡਾ ਚਮਤਕਾਰ ਕੀਤਾ।
ਸਿੱਖ ਕੌਮ ਨੂੰ ਪੂਰਾ ਸੰਗਠਨ ਕਰਕੇ
ਇਕ ਸ਼ਕਤੀ ਦਾ ਕਾਇਮ ਭੰਡਾਰ ਕੀਤਾ।
ਅਕਾਲ ਤਖ਼ਤ ਦੀ ਸਿਰਜਣਾ ਆਪ ਕੀਤੀ
'ਲੋਹਗੜ੍ਹ' ਦਾ ਕਿਲ੍ਹਾ ਤਿਆਰ ਕੀਤਾ।
ਜਿਹੜਾ ਕਦੇ ਮੁਕਾਇਆਂ ਨੀ ਮੁਕ ਸਕਦਾ
ਪੈਦਾ ਸਿੱਖੀ ਦਾ ਇਹ ਭੰਡਾਰ ਕੀਤਾ।

ਭਗਤੀ ਨਾਲ ਸ਼ਕਤੀ ਵੀ ਜ਼ਰੂਰ ਚਾਹੀਏ
ਮਾਲਾ ਮਣਕਿਆਂ ਦੀ ਕਰ ਕੀ ਸਕਦੀ।
ਸੇਲੀ ਟੋਪੀ ਸੰਭਾਲ ਕੇ ਪਰ੍ਹਾਂ ਕਰ ਦੋ
ਕੌਮ ਖੰਡੇ ਬਗ਼ੈਰ ਨਹੀਂ ਜੀਅ ਸਕਦੀ।

ਜਹਾਂਗੀਰ ਮਗਰੋਂ 'ਸ਼ਾਹ ਜਹਾਨ' ਉਠਿਆ
ਕਹਿੰਦਾ 'ਰੂਹ ਮੇਰੀ ਤਲਮਲਾ ਰਹੀ ਏ।'
ਅਸੀਂ 'ਨਾਨਕ' ਦੀ ਸਿੱਖੀ ਨੂੰ ਖਤਮ ਕਰਨਾ
ਸਿੱਖੀ ਹੋਰ ਅੱਗੇ ਵਧਦੀ ਜਾ ਰਹੀ ਏ।
ਜਗ੍ਹਾ ਜਗ੍ਹਾ ਪੰਜਾਬ ਵਿਚ ਸਿੱਖ ਸੈਨਾ
ਬਿਫਰੇ ਸ਼ੇਰ ਵਾਂਗੂੰ ਦਨਦਨਾ ਰਹੀ ਏ।
ਛੇਵੇਂ ਪਾਤਸ਼ਾਹ ਮੰਦਰ ਨਾ ਢਹਿਣ ਦਿੰਦੇ
ਲੱਗ ਸਾਡੀ ਹਕੂਮਤ ਨੂੰ ਢਾਅ ਰਹੀ ਏ।

ਹੁਣੇ ਹੁਣੇ 'ਗੁਮਟਾਲੇ' ਤੋਂ ਖਬਰ ਆਈ
ਬਾਗ਼ੀ ਗੁਰੂ ਨਾ ਥੰਮਿਆ ਜਾਏਗਾ ਇਹ।
ਅੱਜ ਬਾਜ ਨੂੰ ਪਾਇਆ ਹੱਥ ਏਹਨੇ
ਕੱਲ੍ਹ ਤਾਜ ਨੂੰ ਵੀ ਹੱਥ ਪਾਏਗਾ ਇਹ।

'ਅੰਮ੍ਰਿਤਸਰ', 'ਕਰਤਾਰਪੁਰ', ਹਰਿਗੋਬਿੰਦ
ਸਿੱਘਾਂ ਜੰਗ ਮਚਾਣੇ ਨੇ ਛੇੜ ਦਿੱਤੇ।
'ਤਿਆਗ ਮੱਲ' ਜੀ ਇਸ ਤਰ੍ਹਾਂ ਤੇਗ ਵਾਹੀ
ਮੁਗਲ ਸੈਨਾ ਦੇ ਬਖੀਏ ਉਧੇੜ ਦਿੱਤੇ।

ਮੁਖਲਿਸ ਖਾਂ, ਗੁਲਾਮ ਰਸੂਲ, ਹੈਦਰ
ਕਾਲੇ ਖਾਂ ਦੇ ਕਜੀਏ ਨਿਬੇੜ ਦਿੱਤੇ।
'ਬਿਧੀ ਚੰਦ' ਤੇ ਬਾਬਾ 'ਗੁਰਦਿੱਤਾ' ਜੀ ਨੇ
ਮੁਗਲ ਸੈਨਾ ਦੇ ਪੈਰ ਉਖੇੜ ਦਿੱਤੇ।

ਅੱਗੇ ਜਿਹੜਾ ਵੀ ਮੁਗਲ ਜਰਨੈਲ ਵਧਿਆ
ਆ ਕੇ ਖੰਡੇ ਦੇ ਥੱਲੇ ਲਿਤਾੜ ਹੋਇਆ।
ਛੇਵੇਂ ਪਾਤਸ਼ਾਹ ਇਸ ਤਰ੍ਹਾਂ ਵਾਰ ਕੀਤਾ,
ਪੈਂਦੇ ਖਾਂ ਦਾ ਜੁੱਸਾ ਦੁਫਾੜ ਹੋਇਆ।

ਛੇਵੇਂ ਪਾਤਸ਼ਾਹ ਦਾ ਪਰਉਪਕਾਰ ਸਿੰਘੋ
ਜੁਗਾਂ ਤੀਕ ਭੁਲਾਇਆ ਨਹੀਂ ਜਾ ਸਕਦਾ।
ਗਾੜ੍ਹਾ ਖ਼ੂਨ ਸ਼ਹੀਦਾਂ ਜੋ ਡੋਲ੍ਹਿਆ ਏ
ਤੁਬਕਾ ਇਕ ਵੀ ਜ਼ਾਇਆ ਨੀ ਜਾ ਸਕਦਾ।
52 ਰਾਜੇ ਛੁਡਾਏ ਗਵਾਲੀਅਰ 'ਚੋਂ
ਜਿਹਨਾਂ ਰੱਬ ਵੀ ਨਹੀਂ ਸੀ ਛੁਡਾ ਸਕਦਾ।
ਵੱਡਾ ਕੋਹ ਹਿਮਾਲਾ ਤਾਂ ਦਬ ਸਕਦਾ
ਸਿੱਖ ਕਦੇ ਦਬਾਇਆ ਨੀ ਜਾ ਸਕਦਾ।

ਜੇ ਕਰ ਕੌਮ ਦੇ ਵਿਚ ਸੰਘਟਣ ਹੋਵੇ
ਤਾਕਤ ਕਿਉਂ ਨਾ ਦੂਣ ਸਵਾਈ ਹੋਵੇ।
ਸਾਹਿਬ ਹਰਿਗੋਬਿੰਦ ਦੇ ਜਨਮ ਦਿਨ ਦੀ
ਸਭਨਾਂ ਸੰਗਤਾਂ ਤਾਈਂ ਵਧਾਈ ਹੋਵੇ।

*****

(7)

ਸ੍ਰੀ ਗੁਰੂ ਹਰਿ ਰਾਏ

ਹਰਿ ਹਰਿ ਜਪਦੀ ਹਰ ਇਕ ਕੀੜਾ
ਹਰ ਥਾਂ ਨਜ਼ਰੀਂ ਜੀਭਾ ਆਏ।
ਕੀਰਤਪੁਰ ਦੀ ਧਰਤੀ ਉੱਤੇ
ਜਨਮ ਲਿਆ ਹਰਿ ਰਾਏ।

ਬਚਪਨ ਤੋਂ ਹੀ ਹਰਿ ਰਾਏ ਨੇ
ਨਾਮ ਦੀ ਚੇਟਕ ਲਾਈ।
ਗੁਰ ਸਿੱਖੀ ਦੀ ਕੀਤੀ ਉਸਨੇ
ਹਰਿ ਹਿਰਦੇ ਰੁਸ਼ਨਾਈ।

ਹਰਿ ਰਾਏ ਜੀ ਸਾਫ਼ ਦਿਲੇ ਦੇ
ਬਹੁਤ ਸੁਭਾਉ ਭੋਲਾ।
ਇਕ ਦਿਨ ਨਿਕਲੇ ਬਾਹਰ ਪਹਿਨ ਕੇ
ਕਲੀਆਂ ਵਾਲਾ ਚੋਲਾ।

ਛੇਵੇਂ ਸਤਿਗੁਰ ਹਰਿਗੋਬਿੰਦ ਜੀ
ਮੁੱਖ ਵਾਕ ਫਰਮਾਏ।
ਸੰਭਲ ਸੰਭਲ ਕੇ ਰਸਤਾ ਚਲਣਾ
ਚਾਹੀਦਾ ਹਰਿ ਰਾਏ।

ਔਹ ਤੇਰੇ ਚੋਲੇ ਨਾਲ ਫਸ ਕੇ
ਡਾਲੀ ਰੋਂਦੀ ਹਾਏ।
ਡਾਲੀ ਨਾਲੋਂ ਟੁੱਟ ਕੇ ਕਿੰਨੇ
ਫੁੱਲ ਕਲੀਆਂ ਮੁਰਝਾਏ।

ਹਰਿ ਰਾਏ ਦਾ ਕੋਮਲ ਹਿਰਦਾ
ਢਲਦਾ ਨਜ਼ਰੀਂ ਆਇਆ।
ਸਾਰੀ ਉਮਰਾਂ ਦਿਲ ਕਿਸੇ ਦਾ
ਫਿਰ ਨੀ ਓਸ ਦੁਖਾਇਆ।

ਛੇਵੇਂ ਸਤਿਗੁਰ ਨੇ ਹਰ ਪਾਸੇ
ਆਪਣੀ ਨਜ਼ਰ ਦੌੜਾਈ।
ਯੋਗ ਸਮਝ ਕੇ ਹਰਿ ਰਾਏ ਨੂੰ
ਬਖ਼ਸ਼ ਦਿੱਤੀ ਗੁਰਿਆਈ।

ਹਰਿ ਰਾਏ ਸ਼ਾਂਤੀ ਦੇ ਸੋਮੇ
ਨਾਮ ਦੀ ਠੰਡ ਵਰਸਾਉਂਦੇ।
ਰੱਬ ਰੱਬ ਜਦ ਜਪਦੇ ਤਾਂ
ਰੱਬ ਵਰਗੇ ਨਜ਼ਰੀਂ ਆਉਂਦੇ।

ਇਕ ਵਾਰ ਫਗਵਾੜੇ ਲਾਗੇ
ਵਿਚਰੇ ਸੀ ਹਰਿ ਰਾਏ।
ਉਮਰ ਹਯਾਤ ਨੇ ਦੇਖਿਆ ਏਥੇ
ਸਿੱਖ ਨਜ਼ਰ ਕਿਉਂ ਆਏ?

ਉਮਰ ਹਯਾਤ ਸੀ ਮੁਗਲ ਬਾਦਸ਼ਾਹ
ਮਖ਼ਲਸ ਖਾਂ ਦਾ ਪੋਤਾ।
ਆਉਂਦੇ ਜਾਂਦੇ ਰਾਹੀਆਂ ਨੂੰ ਸੀ
ਲੁੱਟਣ ਲਈ ਖਲੋਤਾ।

ਆਖਣ ਲੱਗਾ ਓ ਗੁਰ ਸਿਖੋ।
ਐਧਰ ਨਜ਼ਰ ਉਠਾਉ
ਜੋ ਕੁਝ ਪੱਲੇ ਹੈ ਤੁਹਾਡੇ
ਛੇਤੀ ਧਰ ਕੇ ਜਾਉ।

ਇਕ ਸਿਪਾਹੀ ਕੋਲ ਗੁਰੂ ਦੇ
ਨਾਮ ਸੀ ਉਸਦਾ ਗੋਰਾ।
ਉਸ ਸਿੱਖ ਨੂੰ ਮੌਤ ਡੈਣ ਦਾ
ਖੌਫ ਨਹੀਂ ਸੀ ਭੋਰਾ।

ਗੋਰੇ ਨੇ ਹੱਥ ਖੰਡਾ ਫੜ ਕੇ
ਪੰਜ ਸੱਤ ਝਟਕਾਏ।
ਕੁਝ ਮਰ ਗਏ, ਕੁਝ ਜ਼ਖ਼ਮੀ ਬਾਕੀ,
ਭਜਦੇ ਨਜ਼ਰ ਨਾ ਆਏ।

ਸਤਿ ਗੁਰ ਬੋਲੇ ਖਾਨ ਹਯਾਤਾ।
ਤੂੰ ਹੈਂ ਜਾਬਰ ਭਾਰਾ।
ਅਸਾਂ ਕੋਲ ਨਿਰੀ ਮਾਲਾ ਹੀ ਨਹੀਂ
ਤੇਗ਼ ਵੀ ਹੈਗੀ ਯਾਰਾ।

ਜੰਤਰ ਮੰਤਰ ਕਰਾਮਾਤ
ਔਰੰਗੇ ਤਾਈਂ ਦਿਖਾ ਕੇ।
ਜ਼ਰ ਜਾਗੀਰਾਂ ਆਇਓਂ
ਆਪਣੀ ਝੋਲੀ ਵਿਚ ਪੁਆ ਕੇ।

ਸਤਿਗੁਰੂ ਦਾ ਹੁਕਮ ਅਸਾਨੂੰ
ਆਪਾਂ ਹੁਕਮ ਵਜਾਉਣਾ।
ਰਾਮ ਰਾਏ ਤੈਨੂੰ ਸਾਧ ਸੰਗਤ ਨੇ
ਹਰਗਿਜ਼ ਮੂੰਹ ਨਹੀਂ ਲਾਉਣਾ।

ਹਰਿ ਰਾਏ ਨੇ ਦੂਰ ਦੂਰ ਤੱਕ
ਸਿੱਖੀ ਧਰਮ ਫੈਲਾਇਆ।
ਜਿਸ ਦੀ ਛਾਂ ਜਗਤ ਨੇ ਮਾਣੀ
ਉਹ ਇਕ ਬੂਟਾ ਲਾਇਆ।

ਇਕ ਵਾਰੀ ਹਯਾਤ ਖਾਨ ਨੇ
ਕੀਤਾ ਕੰਮ ਅਵੱਲਾ।
ਹਰਿ ਰਾਏ ਤੇ ਬੋਲ ਦਿੱਤਾ ਇਕ
ਬਹੁਤ ਜ਼ੋਰ ਦਾ ਹੱਲਾ।

ਭਗਤੂ ਜੀ ਦਾ ਬੀਰ ਸਪੁੱਤਰ
ਨਾਮ ਓਸ ਦਾ ਗੋਰਾ।
ਤੇਗਾਂ ਲੈ ਕੇ ਅੱਗੇ ਹੋ ਗਿਆ
ਖੌਫ਼ ਨਾ ਖਾਧਾ ਭੋਰਾ।

ਸੈਨਕ ਜਦੋਂ ਹਯਾਤ ਖਾਨ ਦੇ
ਗੋਰੇ ਨੇ ਝਟਕਾਏ।
ਬਾਕੀ ਦੇ ਹਥਿਆਰ ਸੁੱਟ ਕੇ
ਭੱਜਦੇ ਨਜ਼ਰ ਨਾ ਆਏ।

ਹਰਿ ਰਾਏ ਹਯਾਤ ਖਾਨ ਨੂੰ
ਇਝ ਦਿੱਤਾ ਲਲਕਾਰਾ।
ਮਾਲਾ ਹੀ ਨਹੀਂ ਕੋਲ ਅਸਾਡੇ
ਤੇਗ ਵੀ ਹੈਗੀ ਯਾਰਾ।

ਕੱਤੀ ਸਾਲ ਦੀ ਆਯੂ ਦੇ ਵਿਚ
ਸਤਿਗੁਰੂ ਹਰਿ ਰਾਏ।
ਹਰਿ ਕ੍ਰਿਸ਼ਨ ਨੂੰ ਗੱਦੀ ਦੇ ਕੇ
ਜੋਤੀ ਜੋਤਿ ਸਮਾਏ!!

ਰਾਮ ਰਾਏ ਗੱਦੀ ਦੀ ਖ਼ਾਤਰ
ਕਈ ਕਹਾਣੀਆਂ ਪਾਈਆਂ।
ਲੋਕਾਂ ਵਿਚ ਔਰੰਗਜ਼ੇਬ ਦੀਆਂ
ਝੂਠੀਆਂ ਸਿਫ਼ਤਾਂ ਗਾਈਆਂ।

ਬਦਲ ਲਿਆ ਇਸ ਆਪਾ ਬੇਸ਼ੱਕ
ਇਸ ਦਾ ਫਿਕਰ ਨੀ ਕਾਈ।
ਗੁਰ ਬਾਣੀ ਦੇ ਸ਼ਬਦ ਬਦਲਦੇ
ਨੂੰ ਕਿਉਂ ਸ਼ਰਮ ਨੀ ਆਈ।

ਮੁਗ਼ਲਾਂ ਨੂੰ ਖੁਸ਼. ਕਰਕੇ ਇਸ ਨੇ
ਲਈਆਂ ਕਈ ਜਾਗੀਰਾਂ।
ਅਪਣਾ ਚੋਲਾ ਕਰ ਲਿਆ ਇਸ ਨੇ
ਆਪੇ ਲੀਰਾਂ ਲੀਰਾਂ।

ਕਈ ਮਸੰਦ ਫਸਾ ਲਏ ਇਸ ਨੇ
ਬੁਰੀ ਏਸ ਦੀ ਨੀਤੀ।
ਲੰਗਰ ਬੰਦ ਕਰਨ ਦੀ ਇਸ ਨੇ
ਸਾਰੀ ਕੋਸ਼ਿਸ਼ ਕੀਤੀ।

ਰਾਮ ਰਾਏ ਤਾਂ ਸਫ਼ਰੀ ਹੁਣ ਵੀ
ਜਾਂਦੇ ਐ ਟਿੱਲ ਲਾਈ।
ਪਰ ਨਾਨਕ ਦੀ ਗੁਰਸਿੱਖੀ ਨੂੰ
ਜ਼ਰਾ ਆਂਚ ਨੀ ਆਈ।

*****

(੪)

ਗੁਰੂ ਹਰਿ ਕ੍ਰਿਸ਼ਨ ਜੀ

ਹਰਿ ਕ੍ਰਿਸ਼ਨ ਜੀ ਛੋਟੀ ਉਮਰੇ
ਇਕ ਕੌਤਕ ਦਿਖਲਾਇਆ।
ਕੀਰਤਪੁਰ ਦੀ ਧਰਤੀ ਉੱਤੇ
ਸ਼ੁੱਭ ਦੀਵਾਨ ਸਜਾਇਆ।

ਪਰਕਾਸ਼ ਗੁਰੂ ਗ੍ਰੰਥ ਸਾਹਿਬ ਦਾ
ਰੁਸ਼ਨਾਈ ਰੁਸ਼ਨਾਈ।
ਸੁਣਨ ਲਈ ਗੁਰਬਾਣੀ ਸੰਗਤ
ਹੁੰਮ ਹੁੰਮਾ ਕੇ ਆਈ।

ਰਾਗੀ ਢਾਡੀ ਹੋਰ ਕਵੀਸ਼ਰ
ਵਿਦਿਵਾਨ ਵੀ ਆਏ।
ਕਥਾਵਾਚਕਾਂ ਕਥਾ ਸੁਣਾਈ
ਗੁਰੂਆਂ ਦੇ ਗੁਣ ਗਾਏ।

ਹਰਿ ਕ੍ਰਿਸ਼ਨ ਹੈ ਗੁਰੂ ਅਸਾਡਾ
ਸੰਗਤਾਂ ਬੋਲ ਸੁਣਾਇਆ।
ਇਹ ਗੱਲ ਸੁਣ ਕੇ ਰਾਮ ਰਾਏ ਨੇ
ਉੱਚੀ ਸ਼ੋਰ ਮਚਾਇਆ।

ਮੇਰੇ ਤਿਲਕ ਸਜਾਵੋ ਸਿੱਖੋ
ਮੇਰੀ ਕਰੋ ਤਿਆਰੀ।
ਮੈਂ ਹਾਂ ਵੱਡਾ ਸਭ ਤੋਂ, ਮੇਰੀ
ਗੁਰੂ ਬਣਨ ਦੀ ਵਾਰੀ।

ਇਕ ਸ਼ਰਧਾਲੂ ਕਹਿੰਦਾ ਉੱਠ ਕੇ
ਜਾਵੋ ਏਥੋਂ ਜਾਵੋ।
ਹਰਿ ਰਾਏ ਗੁਰ ਹੁਕਮ ਸੁਣਾਇਆ
ਇਹਨੂੰ ਮੂੰਹ ਨਾ ਲਾਵੋ।

ਹਰਿ ਕ੍ਰਿਸ਼ਨ ਜੀ ਰੂਪ ਰੱਬ ਦਾ
ਇਹਨੂੰ ਸਜਦਾ ਕਰਨਾ।
ਇਹਦੇ ਹੱਥ ਵਿਚ ਜੀਣਾ ਸਾਡਾ
ਇਹਦੇ ਹੱਥ ਵਿਚ ਮਰਨਾ।

ਪਰਖ ਜਦੋਂ ਹਰਿ ਰਾਏ ਕੀਤੀ
ਸੋਨੇ ਸ਼ੱਬ ਦਿਖਲਾਈ।
ਹਰਿ ਕ੍ਰਿਸ਼ਨ ਦੇ ਜ਼ਿੰਮੇਂ ਸੇਵਾ
ਗੁਰ ਗੱਦੀ ਦੀ ਲਾਈ।

ਧੀਰ ਮੱਲ ਵੀ ਗੱਦੀ ਖਾਤਰ
ਨਾਲ ਗ਼ੁਰੂ ਦੇ ਲੜਿਆ।
ਤਰਲੇ ਕੀਤੇ ਬੜੇ ਬੜੇ ਪਰ
ਹੱਥ ਨਾ ਉਹਦਾ ਅੜਿਆ।

ਹਰਿ ਗੋਬਿੰਦ ਸਾਹਿਬ ਨੇ ਜਿਹੜੀ
ਸੈਨਾ ਸਿਗੀ ਬਣਾਈ।
ਹਰਿ ਰਾਏ ਨੇ ਉਸ ਸੈਨਾ ਦੀ
ਗਿਣਤੀ ਨਹੀਂ ਵਧਾਈ।

ਰਾਮ ਰਾਏ ਔਰੰਗਜ਼ੇਬ ਪੇ੍ਾ
ਬਹੁਤ ਸ਼ਕੈਤਾਂ ਲਾਈਆਂ।
ਉਨ ਰੱਦੀ ਦੀ ਟੋਕਰੀ ਦੇ ਵਿਚ
ਸਾਰੀਆਂ ਸੁੱਟ ਗੁਆਈਆਂ।

ਔਰੰਗਜ਼ੇਬ ਨੇ ਹਰਿ ਕ੍ਰਿਸ਼ਨ ਨੂੰ
ਚਿੱਠੀ ਘੱਲ ਬੁਲਾਇਆ।
ਗੁਰੂ ਸਾਹਿਬ ਨੇ ਨਫ਼ਰਤ ਕੀਤੀ
ਮੂੰਹ ਨੀ ਉਸ ਨੂੰ ਲਾਇਆ।

ਹਰਿ ਰਾਏ ਸਤਿਗੁਰੂ ਪਿਆਰੇ
ਨਾਨਕ ਨਾਨਕ ਗਾਉਂਦੇ।
ਅੰਮ੍ਰਿਤ ਵੇਲੇ ਸਿਮਰਨ ਕਰਦੇ
ਨਿੱਤ ਸਮਾਧੀ ਲਾਉਂਦੇ।

ਇਕ ਬ੍ਰਾਹਮਣ ਆਖਣ ਲੱਗਾ
ਇਹ ਕੀ ਕਰਮ ਕਮਾਇਆ।
ਕਲਜੁਗ ਦੇ ਵਿਚ ਤੁਸਾਂ ਆਪਣਾ
ਕ੍ਰਿਸ਼ਨ ਕਿਉਂ ਨਾਮ ਧਰਾਇਆ।

ਕ੍ਰਿਸ਼ਨ ਹੋਰਾਂ ਨੇ ਗੀਤਾ ਉਚਰੀ
ਉਹਦੀ ਸ਼ਬ ਨਿਆਰੀ।
ਇਸ ਗੀਤਾ ਨੂੰ ਪੂਜਦੀ ਆਈ
ਮੁਢੋਂ ਦੁਨੀਆਂ ਸਾਰੀ।

ਰਿਸ਼ੀਆਂ ਮੁਨੀਆਂ ਵੇਦ ਉਚਾਰੇ
ਕੁਲ ਜ਼ਮਾਨਾ ਗਾਉਂਦਾ।
ਤੂੰ ਵੀ ਦਸ ਕ੍ਰਿਸ਼ਨਾ ਤੈਨੂੰ
ਇਕ ਅੱਖਰ ਵੀ ਆਉਂਦਾ?

ਹਰਿ ਕ੍ਰਿਸ਼ਨ ਜੀ ਬੋਲੇ ਪੰਡਤਾ!
ਇਹ ਕੀ ਪਰਚਾ ਪਾਇਆ?
ਸੰਗਤ ਵਿਚੋਂ ਇਕ ਝੀਰ ਨੂੰ
ਆਪਣੇ ਕੋਲ ਬੁਲਾਇਆ।

ਉਸ ਝੀਰ ਦੇ ਸਿਰ ਤੇ ਸਤਿਗੁਰ
ਜ਼ਰਾ ਕੁ ਸੋਟੀ ਲਾਈ।
ਅਰਥਾਂ ਦੇ ਸੰਗ ਸਾਰੀ ਗੀਤਾ
ਪੜ੍ਹ ਕੇ ਓਸ ਸੁਣਾਈ।

ਕੀਰਤਪੁਰ ਗੁਰੂਆਂ ਦੀ ਨਗਰੀ
ਗੁਰੂਆਂ ਦੀ ਵਰੋਸਾਈ।
ਇਸ ਨਗਰੀ ਤੇ ਸਤਿ ਨਾਮ ਦੀ
ਗੁਰੂਆਂ ਛਹਿਬਰ ਲਾਈ।

ਕੀਰਤਪੁਰ ਵੱਲ ਜੋ ਪਰਾਨੀ
ਅਪਨਾ ਸੀਸ ਨਿਵਾਊ।
ਸੱਚ ਪੁਛੋ ਤਾਂ ਉਹ ਨਰ ਮੂੰਹੋਂ
ਮੰਗੀਆਂ ਮੁਰਾਦਾਂ ਪਾਊ।

ਕੀਰਤਪੁਰ ਇਕ ਤੀਰਥ ਵੱਡਾ
ਜੋ ਨਰ ਏਥੇ ਨ੍ਹਾਊ।
ਸਤਿ ਬਾਤ ਹੈ ਸਫ਼ਰੀ ਉਹਦੀਆਂ
ਸਤਿ ਕੁਲਾਂ ਤਰ ਜਾਊ।

ਸਤਿਗੁਰੂ ਤੇਗ਼ ਬਹਾਦਰ

ਸ੍ਰੀ ਅਨੰਦਪੁਰ ਨਗਰੀ ਸੁੰਦਰ
ਸਤਿਗੁਰੂਆਂ ਵਰੋਸਾਈ।
ਤੇਗ਼ ਬਹਾਦਰ ਤੋਂ ਖਰੀਦੀ
ਵਸੋਂ ਗਈ ਵਸਾਈ।

ਨਾਵੇਂ ਸਤਿਗੁਰ ਤੇਗ਼ ਬਹਾਦਰ
ਨਾਨਕ ਨਾਨਕ ਗਾਉਂਦੇ।
ਸਾਧ ਸੰਗਤ ਵਿਚ ਬੈਠੇ ਹੈਸਨ
ਇਕ ਦਿਨ ਸੋਭਾ ਪਾਉਂਦੇ।

ਬੜੇ ਦੁਖੀ ਕਸ਼ਮੀਰੀ ਪੰਡਤ
ਰੋਂਦੇ ਧੋਂਦੇ ਆਏ।
ਤਿਲਕ ਮੱਥੇ ਤੋਂ ਤਿਲਕ ਗਏ ਐ
ਪੇਸ਼ ਨੀ ਜਾਂਦੀ ਹਾਏ।

ਧਰਮ ਅਸਾਡਾ ਖਤਰੇ ਦੇ ਵਿਚ
ਕੂਕਣ ਜੀ ਭਿਆਣੇ।
ਮੁਗ਼ਲ ਟਿਕਣ ਨੀ ਦਿੰਦੇ ਸਾਨੂੰ
ਸਾਡੇ ਖੋਹਣ ਟਕਾਣੇ।

ਮੰਦਰ ਸਾਡੇ ਢਾ ਢਾ ਮੁਗ਼ਲਾਂ
ਇਕ ਦਮ ਕੀਤੇ ਢੇਰੀ।
ਮੂਰਤੀਆਂ ਨੂੰ ਕੌਣ ਬਚਾਵੇ
ਕਿਹੜਾ ਕਰੇ ਦਲੇਰੀ!!

ਤੇਗ਼ ਬਹਾਦਰ ਸੋਚ ਸੋਚ ਕੇ
ਮੁਖੋਂ ਇਹ ਫ਼ਰਮਾਇਆ।
ਬਲਦਾ ਭਾਂਬੜ ਜ਼ੁਲਮ ਸਿਤਮ ਦਾ
ਕਿੱਦਾਂ ਜਾਏ ਬੁਝਾਇਆ?

ਇਸ ਭਾਰਤ ਵਿਚ ਹੈ ਸੂਰਮਾ
ਕੋਈ ਲਹੂਆਂ ਦਾ ਦਾਨੀ।
ਇਹ ਰੁੜ੍ਹਦਾ ਕਸ਼ਮੀਰ ਬਚਾਉਣਾ
ਕੌਣ ਦਵੇ ਕੁਰਬਾਨੀ?

ਨੌਂ ਸਾਲ ਦੀ ਆਯੂ ਸਾਰੀ
ਬੋਲੇ ਗੋਬਿੰਦ ਰਾਏ।
ਬਿਨ ਤੁਹਾਡੇ ਕੌਣ ਪਿਤਾ ਜੀ
ਸਿਰ ਦੀ ਬਾਜ਼ੀ ਲਾਏ!!

ਲਾਲ ਤਵੀ ਤੇ ਬਹਿ ਕੇ, ਸਾਡੇ
ਦਾਦੇ ਅੱਗ ਸਹਾਰੀ।
ਅੱਜ ਦਿੱਲੀ ਵਿਚ ਸੀਸ ਦੇਣ ਦੀ
ਪਿਤਾ! ਤੁਹਾਡੀ ਵਾਰੀ।

ਪੁੱਤਰ ਦੀ ਗੱਲ ਸੁਣੀ ਪਿਤਾ ਨੇ
ਖੁਸ਼ੀ ਮਨਾਈ ਭਾਰੀ।
ਦਿੱਲੀ ਜਾ ਕੇ ਸੀਸ ਦੇਣ ਦੀ
ਇਕ ਦਮ ਕਰੀ ਤਿਆਰੀ।

ਸਤਿਗੁਰ ਬੋਲੇ ਓ ਔਰੰਗੇ
ਤੇਰੀ ਗੱਲ ਕਿਉਂ ਮੰਨਾਂ।
ਤੂੰ ਦਿੱਲੀ ਦਾ ਤਖ਼ਤ ਲਿਆ ਏ
ਪਿਉ ਨੂੰ ਕਰਕੇ ਅੰਨ੍ਹਾ।

ਸਭ ਤੋਂ ਪਹਿਲਾਂ ਮਤੀ ਦਾਸ ਦੇ
ਸਿਰ ਤੇ ਧਰਿਆ ਆਰਾ।
ਕਾਤਿਲ ਬੋਲੇ ਦੀਨ ਅਸਾਡੀ
ਅਜੇ ਵੀ ਮੰਨ ਲੈ ਯਾਰਾ।

ਮਤੀ ਦਾਸ ਨੇ ਉੱਤਰ ਦਿੱਤਾ
ਸੁਣੋ ਕਾਤਲੋ ਵੀਰੋ!
ਤੜਫਨ ਦੇ ਵਿਚ ਬੜਾ ਮਜ਼ਾ
ਮੈਨੂੰ ਸਹਿਜੇ ਸਹਿਜੇ ਚੀਰੋ।

ਜੁੱਸਾ ਤਾਂ ਦੋ ਫਾੜ ਹੋ ਗਿਆ
ਰੱਤ ਸੁਨਹਿਰੀ ਚੋਈ।
ਅੱਜ ਤੋਂ ਸਮਝੋ ਮੁਗ਼ਲ ਹਕੂਮਤ
ਲੀਰਾਂ ਲੀਰਾਂ ਹੋਈ।

ਮਤੀ ਦਾਸ ਦਾ ਜਿਸਮ ਰੂਈ ਵਿਚ
ਏਦਾਂ ਜਲਦਾ ਜਾਏ।
ਨਵੇਂ ਵਿਆਂਹਦੜ ਨੂੰ ਜਿਵੇਂ ਕੋਈ
ਅੱਗ ਦਾ ਵੱਟਣਾ ਲਾਏ।

ਭਾਈ ਦਿਆਲੇ ਦੇ ਦੇਗੇ ਦਾ
ਢੱਕਣ ਨਾ ਕੋਈ ਚਾਇਉ।
ਅੰਬਰ ਨੇ ਤਾਂ ਸੜਨਾ ਕਿਧਰੇ
ਆਪੂੰ ਨਾ ਸੜ ਜਾਇਉ!!

ਤੇਗ਼ ਬਹਾਦਰ ਜਿਸ ਪਿੰਜਰੇ ਵਿਚ
ਕੈਦ ਜ਼ਾਲਮਾਂ ਪਾਏ।
ਤਿੱਖੀਆਂ ਤਿੱਖੀਆਂ ਸੀਖਾਂ ਵੱਜ ਵੱਜ
ਲਹੂ ਨੁਚੜਿਆ ਹਾਏ।

ਸਤਿਗੁਰ ਜੀ ਦੇ ਜਦੋਂ ਸੀਸ ਤੇ
ਕਾਤਲ ਤੇਗ਼ ਉਭਾਰੀ।
ਨੀਲਾ ਅੰਬਰ ਥਰ ਥਰ ਕੰਬਿਆ
ਧਰਤ ਸਹਿਮ ਗਈ ਸਾਰੀ।

ਔਰੰਗਜ਼ੇਬ ਨੂੰ ਫਿਟਕਾਂ ਪਾਈਆਂ
ਸਭ ਨੇ ਵਾਰੀ ਵਾਰੀ।
ਮੱਕੇ ਦੇ ਵੀ ਮੁਫਤੀ ਨੇ
ਓਹਦੀ 'ਭੇਦ' ਵਗਾਹ ਕੇ ਮਾਰੀ।

ਲੱਖੀ ਸ਼ਾਹ ਨੇ ਆਪਣਾ ਲੱਖਾਂ
ਦਾ ਘਰ ਫੂਕ ਜਲਾਇਆ।
ਸੰਸਕਾਰ ਦਾ ਕੰਮ ਨੇਪਰੇ
ਹਿੰਮਤ ਨਾਲ ਚੜ੍ਹਾਇਆ।

ਮਾਤਾ ਗੁਜਰੀ ਜੀ ਤੋਂ ਸਫ਼ਰੀ
ਸੈ ਅਸੀਸਾਂ ਲਈਆਂ।
ਜੈਤਾ ਜੀ ਨੇ ਸੀਸ ਉਠਾਇਆ
ਬਦਲ ਕਿਸਮਤਾਂ ਗਈਆਂ।

ਤੇਗ਼ ਬਹਾਦਰ ਸੀਸ ਕਟਾਇਆ
ਕੀਤੀ ਬਾਤ ਨਿਆਰੀ।
ਨੌ ਸੈ ਸਾਲ ਦੀ ਮੁਗ਼ਲ ਹਕੂਮਤ
ਔਹ ਪਟਕਾ ਕੇ ਮਾਰੀ।

*****

ਪਟਨੇ ਦੇ ਵਿਚ ਪ੍ਰਗਟ ਹੋਇਆ ਗੁਰੂ ਗੋਬਿੰਦ ਸਿੰਘ

ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।
ਭਾਰਤ ਵਿਚ ਇਕ ਆਣ ਚਮਕਿਆ
ਚੰਨ ਨਿਆਰਾ ਗੁਰੂ ਗੋਬਿੰਦ ਸਿੰਘ।
ਦੇਸ਼ ਦੇ ਦੀਦੇ ਉਜਲੀ ਹੋ ਗਏ
ਦੀਆ ਦੀਦਾਰਾ ਗੁਰੂ ਗੋਬਿੰਦ ਸਿੰਘ।
ਸਤਿਗੁਰ ਤੇਗ ਬਹਾਦਰ ਜੀ ਦਾ
ਰਾਜ ਦੁਲਾਰਾ ਗੁਰੂ ਗੋਬਿੰਦ ਸਿੰਘ।
ਮਾਂ ਗੁਜਰੀ ਦੇ ਦੋਹ ਨੈਣਾਂ ਦਾ
ਨੂਰੀ ਤਾਰਾ ਗੁਰੂ ਗੋਬਿੰਦ ਸਿੰਘ।
ਢਹਿੰਦੀ ਜਾਂਦੀ ਮਾਨਵਤਾ ਦਾ
ਸਹੀ ਸਹਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਕਾਸ਼ਮੀਰ ਦੇ ਦੁਖੀ ਬ੍ਰਾਹਮਣ
ਰੋਂਦੇ ਸ੍ਰੀ ਅਨੰਦਪੁਰ ਆਏ।
ਤੇਗ਼ ਬਹਾਦਰ ਦੇ ਚਰਨਾਂ ਵਿਚ
ਸਜਦੇ ਕੀਤੇ ਹਾਲ ਸੁਣਾਏ।
ਦਰ ਦਰ ਦੇ ਅਸੀਂ ਬਣੇ ਭਿਖਾਰੀ
ਕਿਨੇ ਖੈਰ ਨਾ ਪਾਇਆ ਹਾਏ।
ਟੁਟੇ ਕੁਲ ਜਨੇਊ ਸਾਡੇ
ਕੋਈ ਆਂਦਾ ਨਾ ਗਾਂਢਾ ਲਾਏ।
ਲਹੂ ਪਿਤਾ ਦਾ ਦੇ ਕੇ ਰੰਗਿਆ
ਚੌਂਕ ਫੁਹਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਦਾਦੀ ਪੋਤੇ ਬੰਦ ਕੈਦ ਵਿਚ
ਠੰਢੇ ਬੁਰਜ ਹਨ੍ਹੇਰਾ ਛਾਇਆ।
ਮੋਤੀ ਮਹਿਰੇ ਕੰਧ ਫੰਧ ਕੇ
ਸੀ ਲਾਲਾਂ ਨੂੰ ਦੁਧ ਛਕਾਇਆ।
ਕੀ ਕੋਈ ਦਸੇ ਮਾਤਾ ਗੁਜਰੀ
ਕਿੰਨਾ ਦਿਲ ਤੇ ਦਰਦ ਹੰਢਾਇਆ।
ਦੂਜੇ ਦਿਨ ਕਚਹਿਰੀ ਸੂਬੇ
ਸੀ ਲਾਲਾਂ ਨੂੰ ਸੱਦ ਬੁਲਾਇਆ।

ਲਾਲ ਨੀ ਮੰਨੇ ਕੀਤਾ ਕੋਈ
ਆਣ ਇਸ਼ਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਗੁਰੂ ਗੋਬਿੰਦ ਸਿੰਘ ਵਾਂਗ ਦੇਸ਼ ਲਈ
ਬਲੀਦਾਨ ਕੋਈ ਕਰਕੇ ਦੱਸੇ।
ਸਿੱਖੀ ਮਹਿਲ ਬਣਾਵੇ ਨੀਂਹ ਵਿਚ
ਸੀਸ ਪੁੱਤਾਂ ਦੇ ਧਰਕੇ ਦੱਸੇ।
ਅਜੀਤ ਜੁਝਾਰ ਸ਼ਹੀਦੀ ਪਾਈ
ਦੁੱਖ ਪੁੱਤਰਾਂ ਦਾਂ ਜਰ ਕੇ ਦੱਸੇ।
ਮੌਤ ਦਾ ਮਾਰਿਆ ਹਰ ਕੁਈ ਮਰਦਾ
ਕੌਮ ਲਈ ਕੁਈ ਮਰ ਕੇ ਦੱਸੇ।

ਚਾਰ ਚੁਫੇਰਾ ਰੌਸ਼ਨ ਹੋਇਆ
ਕੀਤਾ ਚਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਅਕਾਲ ਪੁਰਖ ਦੇ ਭੇਜੇ ਹਿੰਦ ਵਿਚ
ਜੇ ਨਾ ਗੁਰੂ ਗੋਬਿੰਦ ਸਿੰਘ ਆਉਂਦੇ।
ਗੰਗਾ ਦੇ ਵਿਚ ਨ੍ਹਾਵਣ ਦੀ ਥਾਂ
ਬ੍ਰਾਹਮਣ ਆਪਣੇ ਲਹੂ 'ਚ ਨ੍ਹਾਉਂਦੇ।
ਦੇਸ਼ ਦੀ ਜ਼ਿੰਦਗੀ ਧੁਖਦੀ ਰਹਿੰਦੀ
ਕੌਣ ਮੰਦਰ ਵਿਚ ਧੂਪ ਧੁਖਾਉਂਦੇ।

ਭਾਰਤ ਤੇ ਅਹਿਸਾਨ ਕਰ ਗਿਆ
ਬਹੁਤਾ ਭਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਦਸਮ ਪਿਤਾ ਨੂੰ ਕਿਨ ਸਮਝਾਇਆ
ਕਿਸ ਨੇ ਏਨੀ ਸੋਝੀ ਪਾਈ।
ਦਿਲ ਦੀ ਗੱਲ ਜਿਹੜੀ ਉਸ ਆਖੀ
ਦੱਸੋ ਕਿਹਦੇ ਦਿਲ ਵਿਚ ਆਈ।
ਬੁੱਧੂ ਸ਼ਾਹ ਉਹਨੂੰ ਸਜਦੇ ਕੀਤੇ
ਸੁੱਚਾ ਨੰਦ ਨੇ ਕੰਡ ਵਲਾਈ।
ਗੁਰੂ ਗੋਬਿੰਦ ਸਿੰਘ ਉਹਨੂੰ ਮਿਲਿਆ
ਜਿਸ ਦੇ ਦਿਲ ਵਿਚ ਸੀਗੀ ਸਫ਼ਾਈ।

ਕਰ ਗਿਆ ਸਫ਼ਰੀ ਸੱਚ ਝੂਠ ਦਾ
ਅਹਿਮ ਨਤਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਦਸਮ ਪਿਤਾ ਦੇ ਬਲੀਦਾਨ ਦਾ
ਸਿੰਘੋ ਕੌਣ ਅੰਦਾਜ਼ਾ ਲਾਏ।
ਦੋ ਪੁੱਤਰ ਵਿਚ ਜੰਗ ਦੇ ਵਾਰੇ
ਛੋਟੇ ਨੀਹਾਂ ਹੇਠ ਚਿਣਾਏ।
ਅਸੀਂ ਓਸ ਦੇ ਬਲੀਦਾਨ ਦੇ
ਏਸ ਤਰ੍ਹਾਂ ਨਾਲ ਮੁੱਲ ਚੁਕਾਏ।
ਲਿਖ ਕੇ ਚਾਰ ਬੇਦਾਵੇ ਵਾਲੇ
ਅੱਖਰ ਉਸ ਦੇ ਹੱਥ ਫੜਾਏ।

ਅਸੀਂ ਗੁਨਾਹੀ ਤੇ ਅਪਰਾਧੀ
ਬਖ਼ਸ਼ਣਹਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਦੁਨੀਆਂ ਦੇ ਵਿਚ ਕਰ ਦਿਖਲਾ ਗਿਆ
ਵਣਜ ਨਿਆਰਾ ਗੁਰੂ ਗੋਬਿੰਦ ਸਿੰਘ।
ਸਿਰ ਮੰਗਦਾ ਸਰਦਾਰੀ ਦੇਂਦਾ
ਹੈ ਸਰਦਾਰਾ ਗੁਰੂ ਗੋਬਿੰਦ ਸਿੰਘ।

ਜਿਉਂ ਪਟਨੇ ਤੋਂ ਖੰਡਾ ਫੜਿਆ
ਹੱਥ ਦੋ ਧਾਰਾ ਗੁਰੂ ਗੋਬਿੰਦ ਸਿੰਘ।
ਫੇਰ ਗਿਆ ਬਸ ਮੁਗ਼ਲ ਫੌਜ ਤੇ
ਹੂੰਝ ਬੁਹਾਰਾ ਗੁਰੂ ਗੋਬਿੰਦ ਸਿੰਘ।

ਕਸ਼ਟ ਹਿੰਦ ਦਾ ਕੱਟ ਗਿਆ
ਸਾਰੇ ਦਾ ਸਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

ਬਾਗ਼ਾਂ ਦਾ ਕੁਝ ਰੰਗ ਬਦਲਿਆ
ਪਤਝੜ ਗਈ ਬਹਾਰਾਂ ਆਈਆਂ।
ਫੁਲ ਖਿੜੇ ਕਲੀਆਂ ਮੁਸਕਾਈਆਂ
ਚਲ ਭਵਰਾਂ ਦੀਆਂ ਡਾਰਾਂ ਆਈਆਂ।
ਦੁਖੀਆਂ ਨਾਲ ਨਿਆਂ ਕਰਨ ਲਈ
ਨਿਆਂ ਕਾਰ ਸਰਕਾਰਾਂ ਆਈਆਂ।
ਮੀਆਂ ਮੀਰ ਗੁਰ ਨਾਨਕ ਸਾਂਝੇ
ਦਿਲ ਵਿਚ ਨੇਕ ਵਿਚਾਰਾਂ ਆਈਆਂ।

ਜ਼ਾਲਮ ਦੇ ਹੱਡਾਂ ਵਿਚ ਬੈਠਾ
ਬਣਕੇ ਪਾਰਾ ਗੁਰੂ ਗੋਬਿੰਦ ਸਿੰਘ।
ਪਟਨੇ ਦੇ ਵਿਚ ਪ੍ਰਗਟ ਹੋਇਆ
ਆਨ ਪਿਆਰਾ ਗੁਰੂ ਗੋਬਿੰਦ ਸਿੰਘ।

*****

ਖਾਲਸਿਓ! ਤਨਖ਼ਾਹ ਮੰਗਦੇ ਹੋ!!

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ
ਤੇਰੀ ਮਹਿਮਾ ਅਪਰ ਅਪਾਰਾ।
ਤੂੰ ਖੰਡੇ ਦੀ ਧਾਰ ਦੇ ਵਿਚੋਂ
ਪੈਦਾ ਕੀਤਾ ਪੰਥ ਪਿਆਰਾ।
ਏਸ ਪੰਥ ਦੇ ਚੋਜ ਅਣੋਖੇ
ਏਸ ਪੰਥ ਦਾ ਖੇਡ ਨਿਆਰਾ।
ਕਦੇ ਸੀਸ ਤੇ ਚੌਰ ਝੁਲੇਂਦਾ
ਕਦੇ ਸੀਸ ਤੇ ਖ਼ੂਨੀ ਆਰਾ।

ਪੰਥ ਖਾਲਸਾ ਦਸਮ ਪਿਤਾ ਦਾ
ਬਾਦਸ਼ਾਹ ਦਰਵੇਸ਼ ਕਹਾਏ।
ਜਿਤਨੇ ਇਸ ਨੂੰ ਪੱਥਰ ਵੱਜੇ
ਉਤਨੇ ਇਸ ਨੇ ਫੁੱਲ ਵਰਸਾਏ।

ਪੰਜ ਸੀਸ ਲੈ ਦਸਮ ਪਿਤਾ ਨੇ
ਪੰਜਾਂ ਦਾ ਹੀ ਪੰਥ ਚਲਾਇਆ।
ਕੋਈ ਦੁਨੀਆਂ ਤੇ ਕਰ ਨੀ ਸਕਿਆ
ਜੋ ਪੰਥ ਨੇ ਕਰ ਦਿਖਲਾਇਆ।
ਰੋੜ੍ਹ ਰੋੜ੍ਹ ਕੇ ਰੱਤ ਜਿਗਰ ਦੀ
ਰੁੜ੍ਹਦਾ ਭਾਰਤ ਵਰਸ਼ ਬਚਾਇਆ।

ਤੇਗ਼ ਬਹਾਦਰ ਜੇ ਨਾ ਦਿੱਲੀ
ਜਾ ਕੇ ਆਪਣਾ ਸੀਸ ਕਟਾਉਂਦੇ।
ਆਹ! ਬੋਦੀ ਦੇ ਚਾਰ ਕੁ ਤੀਲ੍ਹੇ
ਸਾਨੂੰ ਕਿਧਰੇ ਨਜ਼ਰ ਨਾ ਆਉਂਦੇ।

ਸਿੱਖ ਕੌਮ ਦੇ ਬਲੀਦਾਨ ਦਾ
ਪੁਛੋ ਵੱਜ ਵਜਾ ਕੇ ਪੁਛੋ।
ਕਿੰਨੀਆਂ ਅਸੀਂ ਸ਼ਹੀਦੀਆਂ ਪਾਈਆਂ
ਕੋਈ ਅੰਦਾਜ਼ਾ ਲਾ ਕੇ ਪੁਛੋ।

ਮਾਂ ਗੁਜਰੀ ਤੇ ਕੀ ਗੁਜ਼ਰੀ ਸੀ
ਠੰਢੇ ਬੁਰਜ 'ਚ ਜਾ ਕੇ ਪੁਛੋ।
ਭਾਈ ਦਿਆਲੇ ਦੇ ਦੇਗੇ ਦਾ
ਜ਼ਰਾ ਕੁ ਢੱਕਣ ਜਾ ਕੇ ਪੁਛੋ।

ਜੋ ਕੁਝ ਕੀਤਾ ਸਿੱਖ ਸ਼ਹੀਦਾਂ
ਦੁਨੀਆਂ ਤੇ ਕੋਈ ਕਰ ਨੀ ਸਕਦਾ।
ਸਿੱਖ ਵਾਂਗ ਕੋਈ ਜੀ ਨੀ ਸਕਦਾ
ਸਿੱਖ ਵਾਂਗ ਕੋਈ ਮਰ ਨੀ ਸਕਦਾ।

ਸੁਣਿਆਂ ਮੌਤ ਬੜੀ ਹੈ ਅੜੀਅਲ
ਮੌਤ ਅਗੇ ਵੀ ਅੜੇ ਖਾਲਸੇ।
ਪੰਥ ਦੀ ਚੜ੍ਹਦੀ ਕਲਾ ਦੀ ਖ਼ਾਤਿਰ
ਚੱਰਖੜੀਆਂ ਤੇ ਚੜ੍ਹੇ ਖਾਲਸੇ।
ਦੇਗਾਂ ਦੇ ਵਿਚ ਕੜ੍ਹੇ ਖਾਲਸੇ
ਭਠਿਆਂ ਦੇ ਵਿਚ ਸੜੇ ਖਾਲਸੇ।
ਸਾਰੀ ਮੁਗ਼ਲ ਹਕੂਮਤ ਝੜ ਗਈ
ਇਕ ਪੱਤਾ ਨਹੀਂ ਝੜੇ ਖਾਲਸੇ।

ਗੁਰੂ ਗੋਬਿੰਦ ਸਿੰਘ ਬਾਬਤ ਸੁਣਨਾ
ਅਤੇ ਸੁਣਾਉਣਾ ਬਹੁਤ ਕਠਨ ਹੈ।
ਚੌਹ ਪੁੱਤਰਾਂ ਨੂੰ ਦੋ ਦੋ ਕਰ ਕੇ
ਘੋਲ ਘੁਮਾਉਣਾ ਬਹੁਤ ਕਠਨ ਹੈ।
ਹੁਕਮ ਮੰਨ ਚਮਕੌਰ ਗੜ੍ਹੀ 'ਚੋਂ
ਕਦਮ ਉਠਾਉਣਾ ਬਹੁਤ ਕਠਨ ਹੈ।

ਜੋ ਗੁਰੂਆਂ ਇਤਿਹਾਸ ਸਿਰਜਿਆ
ਕੋਈ ਸਿਰਜੇ ਕੋਈ ਆਸ ਨਹੀਂ ਹੈ।
ਸਿੰਘਾਂ ਦੇ ਇਤਿਹਾਸ ਜਿਹਾ ਕੁਈ
ਦੁਨੀਆਂ ਵਿਚ ਇਤਿਹਾਸ ਨਹੀਂ ਹੈ।
ਖਾਲਸਿਓ! ਤਨਖਾਹ ਮੰਗਦੇ ਹੋ
ਕੁਲ ਹਿਸਾਬ ਚੁਕਾ ਦੇਵਾਂਗਾ।

ਜੋ ਕੁਝ ਮਿਰੇ ਖ਼ਜ਼ਾਨੇ ਵਿਚ ਹੈ
ਥਾਤੋਂ ਘੋਲ ਘੁਮਾ ਦੇਵਾਂਗਾ।
ਮੈਂ ਮੋਹਰਾਂ ਦੇ ਢਾਲੇ ਭਰ ਭਰ
ਝੋਲ ਤੁਹਾਡੀ ਪਾ ਦੇਵਾਂਗਾ।

ਫਿਰ ਵੀ ਨਾ ਜੇ ਕਰਜ਼ ਉਤਰਿਆ
ਅੰਬਰ ਨੂੰ ਹੱਥ ਲਾ ਦੇਵਾਂਗਾ।
ਨਨ੍ਹੇ ਲਾਲ ਚਿਣੇ ਗਏ ਜਿਥੇ
ਢਾ ਖੂਨੀ ਦੀਵਾਰ ਦਿਆਂਗਾ।
ਫਤਿਹ ਸਿੰਘ ਦੇ ਅਸਤ ਵੇਚ ਕੇ
ਥੋੜਾ ਕਰਜ਼ ਉਤਾਰ ਦਿਆਂਗਾ।
ਹੈ ਕੋਈ ਦਾਦੀ ਦੁਨੀਆਂ ਉੱਤੇ?
ਕਹੇ ਜ਼ਾਲਮੋਂ ਆਉ! ਆਉ!!

ਜ਼ੁਲਮ ਸਿਤਮ ਜਿਹੜਾ ਵੀ ਢਾਹੁਣਾ
ਮੇਰੇ ਹੀ ਪਰਵਾਰ ਤੇ ਢਾਉ।
ਫਤਿਹ ਸਿੰਘ ਤੇ ਜ਼ੋਰਾਵਰ ਨੂੰ
ਖੂਨੀ ਕੰਧਾਂ ਵਿਚ ਲੁਕਾਉ।

ਮੇਰੇ ਲਹੂ 'ਚ ਡੋਬ ਡੋਬ ਕੇ
ਡੁੱਬ ਜਾਣਿਓਂ ਇੱਟਾਂ ਲਾਉ।
ਕੰਧ ਉਸਾਰੋ ਮੁਗ਼ਲ ਹਾਕਮੋ
ਕੰਧ ਤੋਂ ਸਦਕੇ ਜਾਵਾਂਗੀ ਮੈਂ।
ਜੇ ਮਜ਼ਦੂਰ ਕਿਹਾ ਨੀ ਮੰਨਦੇ
ਇੱਟਾਂ ਆਪ ਫੜਾਵਾਂਗੀ ਮੈਂ।
ਸੁਖਾ ਸਿੰਘ ਮਹਿਤਾਬ ਸਿੰਘ ਨੇ
ਮੱਸਾ ਰੰਘੜ ਕਿਉਂ ਝਟਕਾਇਆ।

ਹਰਿਮੰਦਰ ਵਿਚ ਉਸ ਪਾਪੀ ਨੇ
ਸੀ ਨਾਚੀ ਦਾ ਨਾਚ ਨਚਾਇਆ।
ਊਧਮ ਸਿੰਘ ਨੇ ਉੱਨੀ ਸਾਲੀਂ
ਜਾ ਗੋਰੇ ਦਾ ਕਰਜ਼ ਚੁਕਾਇਆ।

ਜਿਨ ਸਾਡਾ ਹਰਿਮੰਦਰ ਢਾਹਿਆ
ਉਸਨੇ ਆਪਣਾ ਕੀਤਾ ਪਾਇਆ।
ਸਿੱਖ ਕੌਮ ਦੀ ਪੱਗੜੀ ਨੂੰ ਕੋਈ
ਜਾਬਰ ਵੀ ਹੱਥ ਪਾ ਨੀ ਸਕਦਾ।
ਪਾਵੇਗਾ ਤਾਂ ਬਚ ਕੇ ਅੰਮਾ
ਕੋਲ ਸੁਖਾਲਾ ਜਾ ਨੀ ਸਕਦਾ!
ਸਿੱਖ ਕੌਮ ਦੀ ਸਭ ਤੋਂ ਉੱਚੀ
ਸੁੱਚੀ ਸ਼ਾਨ ਅਕਾਲ ਤਖ਼ਤ ਹੈ।

ਛੇਵੇਂ ਸਤਿਗੁਰ ਮੀਰੀ ਪੀਰੀ
ਦਾ ਵਰਦਾਨ ਅਕਾਲ ਤਖ਼ਤ ਹੈ।
ਰੂਪ ਹਰੀ ਦਾ ਹਰਿਮੰਦਰ ਹੈ
ਬਹੁਤ ਮਹਾਨ ਅਕਾਲ ਤਖ਼ਤ ਹੈ

ਸਾਡੀ ਜਿੰਦ ਅਕਾਲ ਤਖ਼ਤ ਹੈ।
ਸਾਡੀ ਜਾਨ ਅਕਾਲ ਤਖ਼ਤ ਹੈ।
ਅਕਾਲ ਤਖ਼ਤ ਤੋਂ ਕੰਡ ਵਲਾਈਏ
ਕੀ ਇਹ ਸਾਡੀ ਭੁੱਲ ਨਹੀਂ ਹੈ?
ਅਕਾਲ ਤਖ਼ਤ ਬਿਨ ਸਿੱਖ ਕੌਮ ਦਾ
ਦੋ ਕੌਡੀ ਵੀ ਮੁੱਲ ਨਹੀਂ ਹੈ।
ਅਕਾਲ ਤਖ਼ਤ ਨਿਆਂ ਹੁੰਦਾ ਹੈ
ਏਥੇ ਸਭ ਦੀ ਹੈ ਸੁਣਵਾਈ।
ਖਾਲਸਿਆਂ ਨੇ ਵੈਰੀ ਦਲ ਨੂੰ

ਹਰ ਮੈਦਾਨੇ ਭਾਜੜ ਪਾਈ।
ਮਹਾਰਾਜਾ ਰਣਜੀਤ ਸਿੰਘ ਨੇ
ਏਥੇ ਕੀਤੀ ਸੀਸ ਨਿਵਾਈ।
ਫੂਲਾ ਸਿੰਘ ਤੋਂ ਖਾ ਕੋਰੜੇ

ਇਥੇ ਆਪਣੀ ਭੁੱਲ ਬਖ਼ਸ਼ਾਈ।
ਏਥੇ ਹੁੰਦੇ ਸਹੀ ਫੈਸਲੇ
ਸਫ਼ਰੀ ਵਾਧੂ ਸ਼ੋਰ ਨਹੀਂ ਹੈ।
ਏਦੂੰ ਵੱਡੀ ਹੋਰ ਕਚਹਿਰੀ
ਕੋਈ ਦੁਨੀਆਂ ਵਿਚ ਹੋਰ ਨਹੀਂ ਹੈ।

*****

12

ਬਾਬਾ ਬੰਦਾ ਸਿੰਘ ਬਹਾਦਰ ਦੀ ਬੀਰਤਾ

ਦਿੱਲੀ ਦੇ ਬੇਦਰਦ ਕਸਾਈਓ
ਖ਼ੂਨ ਪੀਣ ਲਈ ਲੋਚ ਰਹੇ ਹੋ?
ਕਿਸ ਦੇ ਤਨ ਦਾ ਮਾਸ ਬੇਦਰਦੋ
ਨਾਲ ਜਮੂਰਾਂ ਨੋਚ ਰਹੇ ਹੋ?

ਦਸਮ ਪਿਤਾ ਦਾ ਸ਼ਿਸ਼ ਹਾਂ, ਮੈਨੂੰ
ਮੌਤ ਦਾ ਤਾਂ ਕੋਈ ਭੈ ਨਹੀਂ ਹੈ।
ਮੌਤ ਦਾ ਬੜਾ ਫਰਿਸ਼ਤਾ, ਮੇਰੇ
ਸਾਹਵੇਂ ਤਾਂ ਕੋਈ ਸ਼ੈ ਨਹੀਂ ਹੈ।

ਮੇਰੇ ਹੱਡਾਂ ਨਾਲੋਂ ਜਿਉਂ ਜਿਉਂ
ਮੇਰਾ ਮਾਸ ਤਰੋੜ ਰਹੇ ਹੋ।
ਤਿਉਂ ਤਿਉਂ ਮੈਨੂੰ ਤੇਗ ਬਹਾਦਰ
ਦੇ ਚਰਨਾਂ ਨਾਲ ਜੋੜ ਰਹੇ ਹੋ।

ਐ ਦੁਸ਼ਟੋ ਜੱਮੂਰ ਤੁਹਾਡਾ
ਅੱਗ ਤੋਂ ਤੱਤਾ ਲੱਖ ਹੋਏਗਾ।
ਇਹ ਬੰਦਾ ਨਹੀਂ ਗੁਰੂ ਗੋਬਿੰਦ ਸਿੰਘ
ਦੇ ਚਰਨਾਂ ਤੋਂ ਵੱਖ ਹੋਏਗਾ।

ਲਾਲ ਲਾਲ ਨੇ ਦੰਦ ਮੌਤ ਦੇ
ਲਾਲ ਦੰਦਾਂ ਤੋਂ ਡਰ ਜਾਵਾਂ ਮੈਂ?
ਈਨ ਮੰਨ ਲਾਂ ਮੁਗਲ ਰਾਜ ਦੀ
ਜਿੱਤ ਕੇ ਬਾਜ਼ੀ ਹਰ ਜਾਵਾਂ ਮੈਂ?

ਅੱਗ ਲਾਈ ਸਰਹੰਦ ਸ਼ਹਿਰ ਨੂੰ
ਅਜੇ ਵੀ ਧੂੰਆਂ ਘੁੰਮ ਰਿਹਾ ਹੈ।
ਦਸਮ ਪਿਤਾ ਦੀ ਮਹਿਮਾ ਸੁਣ ਕੇ
ਕਦਮ ਜ਼ਮਾਨਾ ਚੁੰਮ ਰਿਹਾ ਹੈ।

ਕੱਥੂ ਨੰਗਲ ਕਿਲ੍ਹੇ ਦੇ ਉੱਤੇ
ਮੁਗ਼ਲਾਂ ਕੀਤੇ ਹਟ ਹਟ ਹੱਲੇ।
ਸੱਤ ਮਹੀਨੇ ਭੁੱਖਾਂ ਕੱਟੀਆਂ
ਕਈ ਤਸੀਹੇ ਸਿਰ ਤੇ ਝੱਲੇ।

ਆਪਣਿਆਂ ਹੀ ਧੋਖਾ ਕੀਤਾ
ਸੈਆਂ ਕੀਤੇ ਹੇਰ ਤੇ ਫੇਰ।
ਹੋਇਆ ਕੀ ਜੇ ਨਾਲ ਚਾਲਾਕੀ
ਪਿੰਜਰੇ ਵਿਚ ਫਸਾ ਲਏ ਸ਼ੇਰ।

ਅੰਮ੍ਰਿਤ ਪੀਤਾ ਬੰਦਾ ਸਿੰਘ ਦਾ
ਕਦੇ ਅਕਾਰਥ ਜਾ ਨੀ ਸਕਦਾ।
ਆਪਣਾ ਸੀਸ ਕਟਾ ਸਕਦਾ ਪਰ
ਆਪਣੇ ਕੇਸ ਕਟਾ ਨੀ ਸਕਦਾ।

ਪਾਨੀਪਤ ਤੋਂ ਤੇਗ ਉਠਾਈ
ਮੈਂ ਜ਼ਾਲਮ ਝਟਕਾਉਂਦਾ ਆਇਆਂ।
ਆਪਣੀ ਕੀਤੀ ਦਾ ਹਰ ਪਾਪੀ
ਤਾਈਂ ਮਜ਼ਾ ਚਖਾਉਂਦਾ ਆਇਆਂ।

ਸ਼ਹਿਰ ਸਢੌਰਾ, ਸ਼ਹਿਰ ਸਮਾਣਾ
ਕਾਤਿਲ ਸੋਧੇ ਵਾਰੋ ਵਾਰੀ।
ਕਾਜ਼ਿਲ ਵਾਜ਼ਿਲ ਜੱਲਾਦਾਂ ਦੀ
ਮੁੰਡੀ ਪਰ੍ਹਾਂ ਵਗਾਹ ਕੇ ਮਾਰੀ।

ਸਰਹੰਦ ਸ਼ਹਿਰ ਦੀ ਸਿਖਰ ਦੁਪਹਿਰੇ
ਇੱਟ ਨਾਲ ਮੈਂ ਇੱਟ ਖੜਕਾਈ।
ਕਿਸੇ ਬੇਦੋਸ਼ੇ ਬੰਦੇ ਨੂੰ ਨਹੀਂ
ਬੰਦਾ ਸਿੰਘ ਨੇ ਉਂਗਲ ਲਾਈ।

ਦਸਮ ਪਿਤਾ ਦੇ ਲਾਲ ਬੇਦੋਸ਼ੇ
ਜਿਹਨਾਂ ਨੀਹਾਂ ਵਿਚ ਚਿਣਾਏ।
ਤੇਗਾਂ ਫੜਕੇ ਇਕ ਇਕ ਦੇ
ਲੇਖੇ ਸਣੇ ਵਿਆਜ ਚੁਕਾਏ।

ਨੰਨ੍ਹੇ ਲਾਲ ਸ਼ਹੀਦੀ ਪਾ ਗਏ
ਡੋਰ ਉਮਰ ਦੀ ਕੱਟੀ ਗਈ ਐ।
ਇਉਂ ਸਮਝੋ ਮੁਗ਼ਲਾਂ ਦੀ ਜੜ੍ਹ
ਸਦਾ ਵਾਸਤੇ ਪੱਟੀ ਗਈ ਐ।

ਸੁੱਚਾ ਨੰਦ ਸੀ ਜੂਠ ਜਗਤ ਦੀ
ਉਸ ਵੀ ਆਪਣੀ ਕੀਤੀ ਪਾਈ।
ਖੰਡੇ ਦੀ ਧਾਰਾ ਤੇ ਧਰ ਕੇ
ਗੰਗੂ ਨੂੰ ਵੀ ਖੀਰ ਖੁਆਈ।

ਗਨੀ ਖਾਨ ਤੇ ਨਬੀ ਖ਼ਾਨ ਦੇ
ਨਾਂ ਉੱਤੇ ਪ੍ਰਸ਼ਾਦ ਕਰਾਇਆ।
ਬੁੱਧੂ ਸ਼ਾਹ ਦੇ ਛੱਨੇ ਘਰ ਨੂੰ
ਸੋ ਸੋ ਵਾਰੀ ਸੀਸ ਨਿਵਾਇਆ।

ਮੈਂ ਬੰਦਾ ਸਿੰਘ ਮਰਦਾ ਮਰਦਾ
ਜ਼ੁਲਮ ਸਿਤਮ ਨੂੰ ਬੰਦ ਕਰਾਂਗਾ।
ਲਾਅਨਤ ਹੈ ਗਿੱਦੜਾਂ ਦਾ ਜੀਣਾ
ਸ਼ੇਰ ਦਾ ਮਰਨ ਪਸੰਦ ਕਰਾਂਗਾ।

ਮੈਂ ਮੰਨਦਾ ਹਾਂ ਧਰਮ ਦੇ ਦੁਸ਼ਮਨ
ਮੈਂ ਪਕੜੇ, ਕੋਹ ਕੋਹ ਕੇ ਮਾਰੇ।
ਜਿਥੇ ਕਿਤੇ ਪਾਪ ਲੁਕਾਇਆ
ਮੈਂ ਸੀਨੇ ਟੋਹ ਟੋਹ ਕੇ ਮਾਰੇ।

ਮੈਂ ਮੁਗਲਾਂ ਤੋਂ ਮਾਫ਼ੀ ਮੰਗਾਂ
ਸਿੰਘਾਂ ਵਾਲੀ ਸ਼ਾਨ ਨਹੀਂ ਹੈ।
ਮਾਫ਼ੀ ਮੰਗੇ ਉਹ ਜਿਹਦੇ ਵਿਚ
ਅਣਖ ਨਹੀਂ ਹੈ, ਆਨ ਨਹੀਂ ਹੈ।

ਦੇਖੋ ਕਿੰਨੇ ਸਿੰਘ ਬੇਦਰਦਾਂ
ਊਠਾਂ ਤੇ ਪੁੱਠੇ ਲਟਕਾਏ।
ਅੱਖੀਂ ਇਹ ਭੈ ਭੀਤ ਨਜ਼ਾਰਾ
ਨਾ ਸੁਣਿਆ ਨਾ ਦੇਖਿਆ ਜਾਏ।

ਤੋੜੋ ਮੇਰਾ ਮਾਸ ਬੇਦਰਦੋ
ਨਾਲ ਜਮੂਰਾਂ ਤੋੜੋ! ਤੋੜੋ!!
ਦਸਮ ਪਿਤਾ ਦੇ ਚਰਨਾਂ ਨਾਲੋਂ
ਮੈਨੂੰ ਨਾ ਇਕ ਪਲਕ ਵਿਛੋੜੋ।

ਮੈਂ ਤਾਂ ਝਟਕੇ ਪਾਪੀ, ਜਿਹਨਾਂ
ਨਿਰਦੋਸ਼ਾਂ ਤੇ ਕਹਿਰ ਗੁਜ਼ਾਰੇ।
ਤੁਸੀਂ ਬੇਦਰਦੋ! ਨੰਨ੍ਹੇ ਨੰਨ੍ਹੇ
ਲਾਲ ਨੀਂਹਾਂ ਵਿਚ ਛਾਹ ਕੇ ਮਾਰੇ।

ਮੈਂ ਝਟਕਾਇਆ ਖਾਨ ਵਜ਼ੀਦਾ
ਜਿਨ ਪਾਪਾਂ ਦੀ ਹੱਦ ਮੁਕਾਈ।
ਤੁਸਾਂ ਨੇ ਮਾਰੇ ਲੋਕ ਜਿਨ੍ਹਾਂ ਦੀ
ਇੱਕ ਭੁੱਲ ਵੀ ਨਜ਼ਰ ਨੀ ਆਈ।

ਫੁੱਲ ਜਿਹਾ ਮੇਰਾ ਨੰਨਾ ਬੱਚਾ
ਦਸ ਮਹੀਨੇ ਆਯੂ ਸਾਰੀ।
ਉਸ ਦੇ ਸੋਹਲ ਕਲੇਜੇ ਵਿਚ ਵੀ
ਖੰਜਰ ਤੁਸਾਂ ਟਕਾ ਕੇ ਮਾਰੀ।
ਉਸ ਬੱਚੇ ਦਾ ਸੋਹਲ ਕਲੇਜਾ
ਜਦੋਂ ਤੁਸੀਂ ਮੇਰੇ ਮੂੰਹ ਵਿਚ ਪਾਇਆ।
ਇਉਂ ਜਾਪਿਆ ਕਿਸੇ ਮੁਗ਼ਲ ਨੇ
ਮੇਰੇ ਮੂੰਹ ਛੁਹਾਰਾ ਲਾਇਆ।
ਜ਼ਾਲਮ ਦੇਖੇ ਦੁਨੀਆਂ ਦੇ ਵਿਚ
ਜ਼ੁਲਮ ਕਮਾਣੋਂ ਬਾਜ਼ ਨੀ ਆਉਂਦੇ।
ਜਿਹੜਾ ਲਾਵੇ ਗਲੇ ਉਹਨਾਂ ਨੂੰ
ਛੁਰੀ ਚਲਾਣੋਂ ਬਾਜ਼ ਨੀ ਆਉਂਦੇ।
ਮੰਦਰ ਢਾਹੁਣੋਂ ਬਾਜ਼ ਨੀ ਆਉਂਦੇ
ਮਸਜਦ ਢਾਹੁਣੋਂ ਬਾਜ਼ ਨੀ ਆਉਂਦੇ।
ਰਾਮ ਰਹੀਮ ਰਹਿਮਾਨ ਦੇ ਘਰ ਤੇ
ਅੱਗ ਵਰ੍ਹਾਉਣੋਂ ਬਾਜ਼ ਨੀ ਆਉਂਦੇ।
ਮੈਨੂੰ ਫ਼ਰਜ਼ ਗੁਰਾਂ ਨੇ ਲਾਇਆ
ਬਿਲਕੁਲ ਤੋੜ ਨਿਭਾ ਚਲਿਆ ਹਾਂ।
ਸਾਰਾ ਜੀਵਨ ਮੈਂ ਤਾਂ ਸਿੱਖੀ
ਧਰਮ ਦੇ ਲੇਖੇ ਲਾ ਚਲਿਆ ਹਾਂ।
ਪੰਜ ਤੀਰ ਸਨ ਗੁਰਾਂ ਨੇ ਬਖ਼ਸ਼ੇ
ਵਰਤੋਂ ਵਿਚ ਲਿਆ ਚਲਿਆ ਹਾਂ।
ਜੀਵਨ ਤਾਂ ਨੀ ਲੱਭਾ ਮੈਨੂੰ
ਮਰਨ ਦੀ ਜਾਚ ਸਿਖਾ ਚਲਿਆ ਹਾਂ।
ਫੇਰ ਕਿਤੇ ਜੇ ਮੌਕਾ ਮਿਲਿਆ
ਜ਼ੁਲਮ ਸਿਤਮ ਦਾ ਨਾਸ਼ ਕਰਾਂਗਾ।
ਮਰਨ ਬਾਅਦ ਵੀ ਤੇਗ ਬਹਾਦਰ
ਦੇ ਚਰਨਾਂ ਵਿਚ ਵਾਸ ਕਰਾਂਗਾ।
ਸਿੱਖ ਕੌਮ ਦੇ ਵਾਂਗਰ ਸਫ਼ਰੀ
ਬਲੀਦਾਨ ਕੋਈ ਕਰ ਨੀ ਸਕਦਾ।
ਸਿੱਖ ਵਾਂਗ ਕੋਈ ਜੀ ਨੀ ਸਕਦਾ
ਸਿੱਖ ਵਾਂਗ ਕੁਈ ਮਰ ਨੀ ਸਕਦਾ।

*****

13

ਮਹਾਰਾਜਾ ਰਣਜੀਤ ਸਿੰਘ

ਦੋ ਸੌ ਸਾਲ ਮੁਕੰਮਲ ਗੁਜ਼ਰੇ
ਖਾਲਸਿਆਂ ਇਕ ਜਸ਼ਨ ਮਨਾਇਆ।
ਸ਼ਹਿਰ ਲਾਹੌਰ ਦਾ ਕਿਣਕਾ ਕਿਣਕਾ
ਕੱਚੀ ਲੱਸੀ ਨਾਲ ਨੁਲ੍ਹਾਇਆ।
ਮਹਾਰਾਜਾ ਰਣਜੀਤ ਸਿੰਘ ਦੇ
ਸਿਰ ਸੋਨੇ ਦਾ ਛਤਰ ਝੁਲਾਇਆ।
ਕੋਹਨੂਰ ਹੀਰਾ ਵੀ ਉਸ ਦਿਨ
ਉਸ ਹੀਰੇ ਨੂੰ ਯਾਦ ਕਰਾਇਆ।

ਰਾਜ ਭਾਗ ਨਾ ਢੂੰਡੂ ਸਿੰਘੋ
ਮਸਤਕ ਪਤਰਾ ਵਾਚ ਗਿਆ ਹੈ।
ਕਾਲੀ ਨਜ਼ਰ ਧਿਆਨ ਸਿੰਘ ਦੀ
ਹੀਰਾ ਕਿਤੇ ਗੁਆਚ ਗਿਆ ਹੈ।

ਚਾਲੀ ਵਰਸ਼ਾਂ ਰਾਜ ਕਮਾਇਆ
ਏਦਾਂ ਕੋਈ ਕਮਾ ਨੀ ਸਕਿਆ।
ਮੰਦਰ ਦੀ ਇਕ ਇੱਟ ਨੀ ਹੱਲੀ
ਮਸਜਦ ਦਾ ਕੁਝ ਜਾ ਨੀ ਸਕਿਆ।
ਚੜ੍ਹਤ ਸਿੰਘ ਦੇ ਪੋਤੇ ਬਿਨ ਕੋਈ
ਅਪਣੀ ਚੜ੍ਹਤ ਵਖਾ ਨੀ ਸਕਿਆ।
ਕਾਬਲ ਤੱਕ ਕੋਈ ਬਿਨ ਨਲੂਏ
ਆਪਣੀ ਧਾਂਕ ਜਮਾ ਨੀ ਸਕਿਆ।

ਰੋਂਦਾ ਹੋਏ ਪਠਾਨ ਬੱਚਾ, ਮੂੰਹ
ਮੀਟੂ ਨਹੀਂ ਅੱਖ ਮੀਟ ਲਵੇਗਾ।
ਦੋ ਵਾਰ ਨਲੂਆ ਨਲੂਆ ਆਖੋ
ਇਕ ਦਮ ਸਾਹ ਘਸੀਟ ਲਵੇਗਾ।

ਸਾਡਾ ਝੰਡਾ ਰੰਗ ਕੇਸਰੀ
ਰੰਗ ਕੋਈ ਬਦਲਾ ਕੇ ਦੱਸੇ।
ਨਲੂਏ ਵਾਂਗੂੰ ਖੈਹਬਰ ਉੱਤੇ
ਇਹ ਝੰਡਾ ਲਹਿਰਾ ਕੇ ਦੱਸੇ।
ਸਰ੍ਹੋਂ ਭਰੀ ਬਾਰੂਦ ਨਹੀਂ ਸੀ
ਫਿਰ ਵੀ ਹਿੱਕ ਵਜਾ ਕੇ ਦੱਸੇ।
ਸ਼ਾਮ ਸਿੰਘ ਬਣ ਸਿਖਰ ਦੁਪਹਿਰੇ
ਰਣ ਵਿਚ ਸ਼ਾਮਾਂ ਪਾ ਕੇ ਦੱਸੇ।

ਜਿਹੜੇ ਦੁਸ਼ਮਨ ਤਾਈਂ ਖਾਲਸਾ
ਰਣ ਭੂਮੀ ਵਿਚ ਮਾਰ ਮੁਕਾਉਂਦਾ।
ਲਾਸ਼ ਉਠਾਉਣੀ ਤਾਂ ਇਕ ਪਾਸੇ
ਮੂੰਹ ਵੇਖਣ ਵੀ ਕੁਈ ਨੀ ਆਉਂਦਾ।

ਬਾਰਾਂ ਮਿਸਲਾਂ ਕੱਠੀਆਂ ਕਰਕੇ
ਇਕ ਵਿਸ਼ਾਲ ਬਣਾਇਆ ਰਾਜ।
ਢੇਮਾਂ ਖਾ ਕੇ ਮੁਹਰਾਂ ਵੰਡੀਆਂ
ਬੱਚਿਆਂ ਨੂੰ ਵੀ ਭਾਇਆ ਰਾਜ।
ਸੀਨਾ ਜ਼ੋਰੀ, ਰਿਸ਼ਵਤ ਖੋਰੀ
ਜ਼ੁਲਮ ਮੁਕਾਉਂਦਾ ਆਇਆ ਰਾਜ।
ਆਏ ਰਾਜ ਬਥੇਰੇ ਸ਼ੇਰਾ
ਤੈਂ ਵਰਗਾ ਨੀ ਆਇਆ ਰਾਜ।

ਫੂਲਾ ਸਿੰਘ ਤੋਂ ਖਾ ਕੋਰੜੇ
ਅਕਾਲ ਤਖ਼ਤ ਤੋਂ ਭੁੱਲ ਬਖ਼ਸ਼ਾਈ।
ਦੁਨੀਆਂ ਵਿਚ ਨਿੰਮ੍ਰਤਾ ਵਾਲੀ
ਇਕ ਮਿਸਾਲ ਨਜ਼ਰ ਨੀ ਆਈ।

ਇਕ ਬੁੱਢੜੀ ਨੇ ਤਵਾ ਲੋਹੇ ਦਾ
ਮਹਾਰਾਜ ਦੇ ਅੰਗ ਸੁਹਾਇਆ।
ਤੋਲ ਬਰਾਬਰ ਸੋਨਾ ਉਸ ਨੇ
ਉਸ ਬੁੱਢੜੀ ਦੇ ਪੱਲੇ ਪਾਇਆ।
ਗੁਰ ਨਾਨਕ ਤੇ ਦਸਮ ਪਿਤਾ ਦੇ
ਨਾਂ ਦਾ ਸਿੱਕਾ ਓਸ ਚਲਾਇਆ।
ਕੋਈ ਹਿਸਾਬ ਨੀ ਕਿੰਨਾ ਸੋਨਾ
ਹਰਿਮੰਦਰ ਦੀ ਭੇਂਟ ਚੜ੍ਹਾਇਆ।

ਉਸ ਸੋਨੇ ਨੂੰ ਜਿਸ ਜਿਸ ਪਾਪੀ ਨੇ
ਮਾਸਾ ਜਿੰਨੀ ਆਂਚ ਪਹੁੰਚਾਈ।
ਦੋਸ਼ ਕਿਸੇ ਨੂੰ ਕਾਹਦਾ ਉਸਨੇ
ਆਪਣੀ ਕੀਤੀ ਆਪੇ ਪਾਈ।

ਇਕ ਦਿੱਲੀਓਂ ਇਕ ਚੱਲ ਲਾਹੌਰੋਂ
ਮਹਾਰਾਜ ਦੀ ਮੜ੍ਹੀ ਤੇ ਆਏ।
ਕਹਿੰਦੇ ਅਸੀਂ ਹਾਂ ਦੋਏ ਪੰਜਾਬੀ
ਸਜਦੇ ਕੀਤੇ ਫੁੱਲ ਚੜ੍ਹਾਏ।
ਇਕ ਆਵਾਜ਼ ਮੜ੍ਹੀ 'ਚੋਂ ਆਈ
ਤਿੜਕ ਗਏ ਪੱਥਰ ਵੀ ਹਾਏ।
ਮੰਦਰ ਸੜੇ ਮਸੀਤਾਂ ਸੜੀਆਂ
ਮੁੱਠ ਰਾਖ ਨਹੀਂ ਚੁੱਕ ਲਿਆਏ।

ਕਿਸ ਤਾੜ ਵਿਚ ਫਿਰਦੇ ਪਏ ਓ
ਮੈਂ ਤੁਹਾਨੂੰ ਤਾੜ ਲਿਆ ਹੈ।
ਤੁਸੀਂ ਤਾਂ ਅੱਗ ਪਰਾਈ ਲੈ ਕੇ
ਸਭ ਕੁਝ ਆਪਣਾ ਸਾੜ ਲਿਆ ਹੈ।

ਕਈ ਜੁਗਾਂ ਤੋਂ ਵਸਦੇ ਆਏ
ਹਿੰਦੂ ਮੁਸਲਿਮ ਸਿੱਖ ਈਸਾਈ।
ਗੀਤਾ ਅਤੇ ਕੁਰਾਨ ਦੀ ਹੋ ਗਈ
ਕੀਕੂੰ ਆਪੋ ਵਿਚ ਲੜਾਈ।
ਗੁਰੂ ਅਰਜਨ ਨੇ ਮੀਆਂ ਮੀਰ ਤੋਂ
ਹਰਿਮੰਦਰ ਦੀ ਨੀਂਹ ਰਖਵਾਈ।
ਪੰਜ ਦਰਿਆ ਸੀ ਪੱਤ ਵਤਨ ਦੀ
ਕਿੱਦਾਂ ਹੋ ਗਏ ਢਾਈ ਢਾਈ।

ਪਾਟ ਗਿਆ ਪੰਜਾਬ ਦਾ ਸੀਨਾ
ਜੋ ਗਾਂਢੇ ਹੁਣ ਲਾ ਨੀ ਸਕਦਾ।
ਮੇਰੀ ਮੜ੍ਹੀ ਤੇ ਆ ਕੇ ਸਫ਼ਰੀ
ਇਕ ਵੀ ਫੁੱਲ ਚੜ੍ਹਾ ਨੀ ਸਕਦਾ।

*****

ਸੁਨਾਮ ਦਾ ਬੱਬਰ ਸ਼ੇਰ ਸ਼ਹੀਦ ਊਧਮ ਸਿੰਘ

ਊਧਮ ਸਿੰਘ ਸ਼ਹੀਦ ਵਤਨ ਦਾ
ਅੱਜ ਫਿਰ ਸਾਨੂੰ ਚੇਤੇ ਆਇਆ।
ਦੁਨੀਆਂ ਵਿਚ ਸੁਨਾਮ ਨਗਰ ਦਾ
ਚੰਨ ਵਾਂਗ ਜਿਸ ਨਾਂ ਚਮਕਾਇਆ।
ਟਹਿਲ ਸਿੰਘ ਦਾ ਬੀਰ ਸਪੁੱਤਰ
ਨਰੈਣ ਕੌਰ ਅੰਮੜੀ ਦਾ ਜਾਇਆ।
ਭਾਰਤ ਕਦੇ ਭੁਲਾ ਨੀ ਸਕਦਾ
ਜੋ ਉਸ ਨੇ ਉਪਕਾਰ ਕਮਾਇਆ।

ਨਗਰ ਸੁਨਾਮੋਂ ਇਕ ਚੰਨ ਚੜ੍ਹਿਆ
ਲੰਡਨ ਵਿਚ ਵੀ ਲੋ ਕਰ ਗਿਆ।
ਕੋਈ ਦੁਨੀਆਂ ਵਿਚ ਕਰ ਨੀ ਸਕਦਾ
ਜਿਹੜਾ ਕੰਮ ਕੰਬੋ ਕਰ ਗਿਆ।

ਊਧਮ ਸਿੰਘ ਗੁਰ ਰਾਮਦਾਸ ਨੂੰ
ਸੀਨੇ ਵਿਚ ਵਸਾਈ ਰੱਖਿਆ।
ਜਲ੍ਹਿਆਂ ਵਾਲੇ ਬਾਗ਼ ਦਾ ਨਕਸ਼ਾ
ਹਿੱਕ ਨਾਲ ਚਿਪਕਾਈ ਰੱਖਿਆ।
ਮੈਂ ਦੁਸ਼ਮਨ ਤੋਂ ਬਦਲਾ ਲੈਣਾ
ਮਨ ਵਿਚ ਮਤਾ ਪਕਾਈ ਰੱਖਿਆ।
ਵਰਸ਼ਾਂ-ਬੱਧੀ ਅੱਗ ਦਾ ਭਾਂਬੜ
ਸੀਨੇ ਵਿਚ ਦਬਾਈ ਰੱਖਿਆ।

ਕਿਸ ਹਾਲੀਂ ਉਹ ਲੰਡਨ ਪਹੁੰਚਾ
ਕਿਤਨੇ ਉਸ ਨੇ ਕਸ਼ਟ ਉਠਾਏ।
ਰੋਂਦੀ ਮਾਂ ਤੋਂ ਕਿਵੇਂ ਵਿਛੜਿਆ
ਪਿਉ ਤੋਂ ਕਿਵੇਂ ਵਿਛੋੜੇ ਪਾਏ।

ਅੰਮ੍ਰਿਤਸਰ ਵਿਚ ਸਾਧ ਸੰਗਤ ਨੇ
ਵੈਸਾਖੀ ਦਾ ਪੁਰਬ ਮਨਾਇਆ।
ਜਲ੍ਹਿਆਂ ਵਾਲੇ ਬਾਗ 'ਚ ਲੋਕਾਂ
ਸ਼ਾਂਤਮਈ ਦੀਵਾਨ ਸਜਾਇਆ।
ਅੰਗ੍ਰੇਜ਼ੋ! ਘਰ ਆਪਣੇ ਜਾਵੋ
ਅਸੀਂ ਨੀ ਸਹਿਣਾ ਰਾਜ ਪਰਾਇਆ।
ਅੰਮ੍ਰਿਤਸਰ ਦਾ ਜਨਰਲ ਡਾਇਰ
ਅੱਗ ਭਬੂਕਾ ਰੋਹ ਵਿਚ ਆਇਆ।

ਕੰਧਾਂ ਉੱਤੇ ਤੋਪਾਂ ਗੱਡੀਆਂ
ਮੀਂਹ ਵਾਂਗ ਗੋਲੀ ਵਰਸਾਈ।
ਦੁਨੀਆਂ ਭਰ ਵਿਚ ਐਸੀ ਖ਼ੂਨੀ
ਇਕ ਮਿਸਾਲ ਨਜ਼ਰ ਨੀ ਆਈ।

ਲਾਸ਼ਾਂ ਨਾਲ ਖੂਹ ਏਨਾ ਭਰਿਆ
ਖੂਹ ਦੀ ਮਣ ਤਿੜਕਦੀ ਜਾਏ।
ਕਿਤਨੇ ਮੋਏ ਕਿਤਨੇ ਜ਼ਖਮੀ
ਇਸ ਦਾ ਕੌਣ ਅੰਦਾਜ਼ਾ ਲਾਏ।
ਡਾਇਰ ਪਾਪੀ ਤੋਪਚੀਆਂ ਨੂੰ
ਵਾਰ ਵਾਰ ਇਹ ਹੁਕਮ ਸੁਣਾਏ।
ਦੇਖਿਉ ਕਿਤੇ ਆਜ਼ਾਦੀ ਦਾ ਕੋਈ
ਆਸ਼ਕ ਬਚ ਕੇ ਨਿਕਲ ਨਾ ਜਾਏ।

ਖੂਹ 'ਚੋਂ ਇਕ ਆਵਾਜ਼ਾ ਆਇਆ
ਅਣਖ ਦੇ ਜਜ਼ਬੇ ਰੁਕ ਨੀ ਸਕਦੇ।
ਮੁਕ ਜਊ ਤੇਰਾ ਬਾਰੂਦ ਵੈਰੀਆ
ਮਰਨ ਆਏ ਸਿੰਘ ਮੁਕ ਨੀ ਸਕਦੇ।

ਊਧਮ ਸਿੰਘ ਲੰਡਨ ਵਿਚ ਪਹੁੰਚਾ
ਹਰ ਥਾਂ ਆਪਣੀ ਨਜ਼ਰ ਦੌੜਾਈ।
ਆਪਣੇ ਦੁਸ਼ਮਨ ਦੇ ਲੱਭਣ ਨੂੰ
ਕੋਸ਼ਿਸ਼ ਕੀਤੀ ਟਿੱਲ ਲਗਾਈ।
ਪਾ ਨਿਉਂਦਰਾ ਆਏ ਫਰੰਗੀ
ਕਰਜ਼ ਚੁਕਾਵਾਂ ਪਾਈ ਪਾਈ।
ਸਾਰਾ ਯੌਰਪ ਖੋਜਿਆ ਉਸ ਨੇ
ਸ਼ਕਲ ਡਾਇਰ ਦੀ ਨਜ਼ਰ ਨਾ ਆਈ।

ਮੈਂ ਊਧਮ ਸਿੰਘ ਹਾਂ ਵੈਰੀ ਦਾ
ਜਦ ਤੱਕ ਨਾਮ ਮਿਟਾ ਨੀ ਸਕਦਾ।
ਉੱਪਰ ਪਹੁੰਚ ਸ਼ਹੀਦਾਂ ਨੂੰ ਮੈਂ
ਆਪਣੀ ਸ਼ਕਲ ਦਿਖਾ ਨੀ ਸਕਦਾ।

ਇਕ ਦਿਨ ਅਜੇਹਾ ਸੁਭਾਗਾ ਚੜ੍ਹਿਆ
ਕਹਿੰਦਾ ਡਾਇਰ ਅੱਤਿਆਚਾਰੀ।
ਮੈਂ ਹਿੰਦੀਆਂ ਨੂੰ ਸਿੱਧੇ ਕੀਤਾ
ਮੈਂ ਹਿੰਦੀਆਂ ਦੀ ਭੁਗਤ ਸੁਆਰੀ।
ਜਲ੍ਹਿਆਂ ਵਾਲੇ ਬਾਗ਼ 'ਚ ਪਬਲਿਕ
ਭੁੰਨ ਦਿੱਤੀ ਸਾਰੀ ਦੀ ਸਾਰੀ।
ਸਿਮਰ ਭਗੌਤੀ ਊਧਮ ਸਿੰਘ ਨੇ
ਠਾਹ ਗੋਲੀ ਸੀਨੇ ਵਿਚ ਮਾਰੀ।

ਸ਼ੋਰ ਮੱਚ ਗਿਆ ਬੀਰ ਪੰਜਾਬੀ
ਹਰ ਮੁਸ਼ਕਲ ਕਰ ਤੈ ਸਕਦੇ ਨੇ।
ਤਿਨਾਂ ਪੁਸ਼ਤਾਂ ਤੱਕ ਪੰਜਾਬੀ
ਪਿਉ ਦਾ ਬਦਲਾ ਲੈ ਸਕਦੇ ਨੇ।

ਦੋ ਗੋਲੀਆਂ ਹੋਰ ਦਾਗੀਆਂ
ਊਧਮ ਸਿੰਘ ਪਿਸਤੌਲ ਚਲਾਇਆ।
ਹਾਹਾਕਾਰ ਚੁਫੇਰੇ ਮਚ ਗਈ
ਚੀਖ ਚਿਹਾੜਾ ਲੰਡਨ ਪਾਇਆ।
ਮੇਮ ਡਾਇਰ ਦੀ ਲਾਸ਼ ਤੇ ਡਿੱਗੀ
ਅੱਖਾਂ ਵਿਚੋਂ ਲਹੂ ਵਹਾਇਆ।
ਊਧਮ ਸਿੰਘ ਨੇ ਅੱਥਰੂ ਪੂੰਝੇ
ਪਿਆਰ ਨਾਲ ਉਹਨੂੰ ਇਹ ਸਮਝਾਇਆ।

ਜਾ ਅੰਮ੍ਰਿਤਸਰ ਅੰਮ੍ਰਿਤ ਛਕ ਲੈ
ਗੁਰ ਅਰਜਨ ਨੂੰ ਸੀਸ ਨਿਵਾ ਲੈ।
ਜਲ੍ਹਿਆਂ ਵਾਲੇ ਕੁਲ ਸ਼ਹੀਦਾਂ
ਕੋਲੋਂ ਆਪਣੀ ਭੁੱਲ ਬਖਸ਼ਾ ਲੈ।

"ਦੇਸ਼ ਬਗਾਨੇ ਵੀਰੋ ਮੈਂ ਤਾਂ
ਆਪਣਾ ਆਪ ਗੁਆ ਕੇ ਆਇਆਂ।
ਹਰਿਮੰਦਰ ਤੇ ਸੀਸ ਗੰਜ ਨੂੰ
ਆਪਣਾ ਸੀਸ ਨਿਵਾ ਕੇ ਆਇਆਂ।

ਦੇਸ਼ ਸਿਰੋਂ ਮੈਂ ਭਾਜੀ ਲਾਹੁਣੀ
ਮਨ ਵਿਚ ਮਤਾ ਪਕਾ ਕੇ ਆਇਆਂ।
ਜਲ੍ਹਿਆਂ ਵਾਲੇ ਬਾਗ 'ਚ ਪਈਆਂ
ਲਾਸ਼ਾਂ ਦੀ ਸੌਂਹ ਖਾ ਕੇ ਆਇਆਂ।

ਮੈਂ ਡਾਇਰ ਦਾ ਕਰਜ਼ਾ ਜਦ ਤੱਕ
ਸਣੇ ਵਿਆਜ ਚੁਕਾ ਨੀ ਸਕਦਾ।
ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ
ਹਰਗਿਜ਼ ਸਿੱਖ ਕਹਾ ਨੀ ਸਕਦਾ।"

ਜਦੋਂ ਗੋਰਿਆਂ ਊਧਮ ਸਿੰਘ ਨੂੰ
ਪੜ੍ਹ ਫਾਂਸੀ ਦਾ ਹੁਕਮ ਸੁਣਾਇਆ।
ਗਦ-ਗਦ ਹੋਇਆ ਖੁਸ਼ੀ ਮਨਾਈ
ਨਚਿਆ ਟਪਿਆ ਸ਼ਗਨ ਮਨਾਇਆ।
ਮੌਤ ਦੀ ਉਸ ਪ੍ਰਵਾਹ ਨੀ ਕੀਤੀ
ਬੇ-ਖੌਫ ਹੋ ਭੰਗੜਾ ਪਾਇਆ।
ਆਪਣੀ ਬੁੱਢੀ ਮਾਂ ਨੂੰ ਅੰਤਮ
ਇਕ ਆਪਣਾ ਸੰਦੇਸ਼ ਘਲਾਇਆ।

ਖ਼ੂਨ ਜਿਸਮ ਦਾ ਲੰਡਨ ਪੀ ਗਈ
ਤੁਬਕਾ ਇਕ ਬਚਾ ਨੀ ਸਕਿਆ।
ਮਾਏ! ਤੇਰੇ ਪੀਤੇ ਦੁੱਧ ਦਾ
ਕੌਡੀ ਮੁੱਲ ਚੁਕਾ ਨੀ ਸਕਿਆ।

ਹਿੰਦ ਵਾਸੀਓ ਥੋਡੇ ਉੱਤੇ
ਮੈਂ ਨੀ ਕੋਈ ਏਸਾਨ ਚੜ੍ਹਾਇਆ।
ਰਾਜਗੁਰੂ ਸੁਖਦੇਵ ਭਗਤ ਸਿੰਘ
ਆਪਣਾ ਆਪਣਾ ਫ਼ਰਜ਼ ਨਿਭਾਇਆ।
ਤਖ਼ਤੇ ਤੇ ਚੜ੍ਹ ਵੀਰ ਸਰਾਭੇ
ਵੀਰੋ ਥੋਨੂੰ ਤਖ਼ਤ ਬਿਠਾਇਆ।
ਮਿੱਟੀ ਦੇ ਵਿਚ ਮਿਟੇ ਸੂਰਮੇ
ਭਾਰਤ ਮਾਂ ਦਾ ਨਾਂ ਚਮਕਾਇਆ।

ਇਨ੍ਹਾਂ ਸ਼ਹੀਦਾਂ ਨੂੰ ਜੇ ਸਫ਼ਰੀ
ਦਿਲੋਂ ਕਰੀਂਦੇ ਯਾਦ ਰਹੋਗੇ।
ਸੁਫਨੇ ਵਿਚ ਨਾ ਆਊ ਗੁਲਾਮੀ
ਜੁੱਗਾਂ ਤਿੱਕ ਆਜ਼ਾਦ ਰਹੋਗੇ।

*****

ਸਰਹੰਦ ਦੀ ਖ਼ੂਨੀ ਦੀਵਾਰ

ਕੰਧ 'ਚ ਚਿਣਾਉ ਦਸਮੇਸ਼ ਜੀ ਦੇ ਨਨਿਆਂ ਨੂੰ
ਸੂਬੇ ਸਰਹੰਦ ਸਜ਼ਾ ਲਾਲਾਂ ਨੂੰ ਸੁਣਾਈ ਏ।
ਕੰਧ ਨੇ ਤਾਂ ਜੱਫੀ ਪਾਈ ਦੋਹਾਂ ਸਾਹਿਬਜ਼ਾਦਿਆਂ ਨੂੰ
ਜੱਫੀ ਸਾਹਿਬਜ਼ਾਦਿਆਂ ਨੇ ਮੌਤ ਨਾਲ ਪਾਈ ਏ।
ਲਾਲ ਲਹੂ ਕਿਹਨੇ ਐਨਾ ਕੰਧ ਤੇ ਛਿੜਕਿਆ ਏ
ਕੰਧ ਤੇ ਜਲਾਦਾ! ਐਨੀ ਲਾਲੀ ਕਿਥੋਂ ਆਈ ਏ?
ਮਾਤਾ ਗੁਜਰੀ ਤਾਂ ਕੈਦ ਠੰਡੜੇ ਬੁਰਜ ਵਿਚ
ਇੱਟ ਕਿਹਦੇ ਲਹੂ ਵਿਚ ਡੋਬ ਕੇ ਤੂੰ ਲਾਈ ਏ।
ਮਾਛੀਵਾੜੇ ਸੋਚਦਾ ਹਊ ਬਾਜ਼ਾਂ ਵਾਲਾ ਕਿੱਦਾਂ ਗੱਫਾਂ
ਲੱਖਾਂ ਹੀ ਜਨੇਊ ਮੇਰੇ ਸਾਹਵੇਂ ਟੁੱਟੇ ਪਏ ਨੇ।
ਮਿਲੇ ਕਿਤੇ ਜੀਤਾਂ ਕਹਿਉ ਹਉਸਲਾ ਬੁਲੰਦ ਰੱਖੇ
ਅੱਜ ਤੇਰੇ ਲਾਡਲੇ ਜਲਾਦਾਂ ਨਾਲ ਗਏ ਨੇ।
ਬੋਲਿਆ ਆਕਾਸ਼ੋਂ ਕੋਈ "ਜਾਪਦਾ ਭੀਖਣ ਸ਼ਾਹ"
ਸੂਬਾ ਕਿੱਦਾਂ ਕਹਿਰ ਉੱਤੇ ਕਹਿਰ ਢਾਈ ਜਾਂਦਾ ਹੈ।
ਮੌਤ ਨਾਲੋਂ ਵੱਧ ਭਾਰ ਪੈ ਗਿਆ ਦੀਵਾਰ ਉੱਤੇ
ਚੰਦਰਾ ਜੱਲਾਦ ਇੱਟਾਂ ਹੋਰ ਲਾਈ ਜਾਂਦਾ ਹੈ।
ਸੱਚ ਕੀ ਐ ਝੂਠ ਕੀ ਐ ਸੂਬਾ ਤਾਂ ਸਮਝਦਾ ਨੀ
ਛੱਡ ਕੇ ਹਲਾਲ ਇਹ ਹਰਾਮ ਖਾਈ ਜਾਂਦਾ ਹੈ।
ਕੰਧ ਕੀ ਉਸਾਰੀ ਜਾਂਦਾ ਪਾਪਾਂ ਵਾਲੀ ਬੱਚਿਆਂ ਤੇ
ਦੋਜ਼ਖਾਂ ਦੀ ਕੰਧ ਥੱਲੇ ਆਪ ਆਈ ਜਾਂਦਾ ਹੈ।
ਰਾਮ ਤੇ ਰਹੀਮ ਵਿਚ ਜ਼ਰਾ ਵੀ ਫ਼ਰਕ ਹੈ ਨੀ
ਪਿੰਡੇ ਦੀ ਨੀ ਲੋੜ, ਦੇਖੀ ਦਿਲ ਦੀ ਸਫਾਈ ਜਾਵੇ।
ਅੱਲਾ ਦੇ ਦੁਆਰੇ ਮਨਜ਼ੂਰ ਨੀ ਨਮਾਜ਼ ਸੂਬੇ
ਡੰਡੇ ਮਾਰ ਮਾਰ ਜਿਹੜੀ ਬੰਦੇ ਨੂੰ ਪੜ੍ਹਾਈ ਜਾਵੇ।
ਸਾਹਿਬਜ਼ਾਦੇ ਬੋਲੇ ਅਸੀਂ ਕਾਲ ਨੂੰ ਫੜੀ ਨੇ ਕੰਨੋਂ
ਕੌਣ ਕਹਿੰਦਾ ਸਾਨੂੰ ਪਾਪਾ ਸੂਬੇ ਨੇ ਫੜਾਇਆ ਏ।

ਜਮਾਂ ਦੀ ਗੋਦੀ 'ਚ ਸਾਡਾ ਖੇਡਣੇ ਨੂੰ ਜੀ ਕੀਤਾ
ਅਸੀਂ ਤਾਂ ਸੁਨੇਹਾ ਆਪ ਮੌਤ ਨੂੰ ਘਲਾਇਆ ਏ।
ਸਾਰਾ ਹੀ ਖ਼ਜ਼ਾਨਾ ਅਸੀਂ ਸਰਸਾ 'ਚ ਰੋੜ੍ਹ ਆਏ
ਨਾਮ ਦਾ ਹੀ ਸਾਡੇ ਕੋਲ ਇਕੋ ਸਰਮਾਇਆ ਏ।
ਦਾਦੀ ਨੂੰ ਬੇਸ਼ੱਕ ਪਿਆ ਸ਼ੱਕ ਗੰਗਾ ਰਾਮ ਉੱਤੇ
ਅਸਲੀ ਔਰੰਗਾ ਸਾਡੇ ਸੰਨ੍ਹ ਲਾਉਣ ਆਇਆ ਏ।
ਭਾਵੇਂ ਤੂੰ ਮਾਸੂਮ ਜਿਹਾ ਜਾਪਦਾ ਏਂ ਫਤਿਹ ਸਿੰਘਾ
ਦੁਖ ਕਿੰਨੇ ਪੈਣ ਅਸੀਂ ਹਉਸਲਾ ਨੀ ਹਾਰਨਾ।
ਇੱਟਾਂ 'ਚ ਦੁਆਈ ਜਿਹੜੀ ਥਾਂ ਸਾਨੂੰ ਗੰਗਾ ਰਾਮਾ
ਉਹਦਾ ਮੁੱਲ ਸਾਰਾ ਆਕੇ ਬੰਦੇ ਨੇ ਹੀ ਤਾਰਨਾ।
ਸੂਬੇ ਸਰਹੰਦ ਨੇ ਅਖੀਰ ਕਿਹਾ ਬਾਲਕਾਂ ਨੂੰ
ਮੰਨੋ ਸਾਡਾ ਦੀਨ ਨਹੀਂ ਤਾਂ ਬੜਾ ਪਛਤਾਉਗੇ।
ਇਕ ਵਾਰੀ ਕੰਧ ਦੇ ਕਲਾਵੇ ਵਿਚ ਆ ਗਏ ਬੀਬਾ
ਦਾਦੀ ਦੇ ਕਲਾਵੇ ਵਿਚ ਕਦੇ ਵੀ ਨਾ ਆਉਗੇ।
ਅੱਗ ਦੇ ਫਲੀਤੇ ਜਦੋਂ ਹੱਥਾਂ 'ਚ ਤੁਸਾਂ ਦੇ ਲਗੇ
ਇਕੋ ਹੀ ਚਿਣਗ ਨਾਲ ਦੋਵੇਂ ਜਲ ਜਾਉਗੇ।
ਖਾਧੇ ਐ ਅਨੰਦਪੁਰ ਰਹਿ ਕੇ ਤੁਸੀਂ ਸੈ ਖਾਣੇ
ਮੁਗ਼ਲ ਚੁਪਹਿਦਿਆਂ ਦੀ ਮਾਰ ਕਿੱਦਾਂ ਖਾਉਗੇ?
ਕਿਲ੍ਹੇ ਦੀ ਦੀਵਾਰ ਫੰਧ, ਮਾਹੀ ਮਹਿਰੇ ਦੁੱਧ ਆਂਦਾ
ਪੀਉ ਜਾ ਕੇ ਦੁੱਧ ਬੀਬਾ ਦੁੱਧ ਫੁੱਟੀ ਜਾਂਦਾ ਏ।
ਟੁੱਟ ਟੁੱਟ ਪੈਂਦੇ ਐ ਜਲਾਦ ਜਿਹੜੇ ਤੁਸਾਂ ਤਾਈਂ
ਸੱਚ ਪੁੱਛੋ ਦਾਦੀ ਦਾ ਕਲੇਜਾ ਟੁੱਟੀ ਜਾਂਦਾ ਏ।
ਹੂਰਾਂ ਲੈ ਲਉ ਹੀਰਾਂ ਲੈ ਲਉ, ਵਡੀਆਂ ਜਾਗੀਰਾਂ ਲੈ ਲਉ
ਘਾਟਾ ਵਾਧਾ ਬੀਬਾ ਤੁਸੀਂ ਕਿਉਂ ਨੀ ਵਿਚਾਰਦੇ।
ਝੁਲੇਗਾ ਹਮੇਸ਼ਾ ਝੰਡਾ ਹਿੰਦ ਵਿਚ ਤੁਸਾਂ ਦਾ ਹੀ
ਥੰਮ ਬਣ ਜਾਓਗੇ ਮੁਗ਼ਲ ਸਰਕਾਰ ਦੇ।
ਭਾਰ ਮੰਨਦੇ ਹੋ ਤੁਸੀਂ ਮੁੱਲਾਂ ਨੂੰ ਸਲਾਮ ਕਹਿਣਾ
ਹੁਣੇ ਦਬ ਜਾਣਾ ਤੁਸੀਂ ਦੋਹਾਂ ਥੱਲੇ ਭਾਰ ਦੇ।
ਇੱਟਾਂ ਥੋਡੇ ਦਿਲ, ਕਿੱਦਾਂ ਇੱਟਾਂ ਹੇਠੋਂ ਕੱਢ ਲਈਏ
ਇੱਟਾਂ 'ਚ ਖਲੋਤੇ ਵੀ ਹੋ ਇੱਟਾਂ ਸਾਨੂੰ ਮਾਰਦੇ?
ਗੱਦੀ ਨੰਦਪੁਰ ਦੀ ਸਾਂਭ ਲਉ ਭਰਾ ਦੋਵੇਂ
ਪਾਟਿਆਂ ਕਲੇਜਿਆਂ ਨੂੰ ਗੱਲ ਕਰੋ ਸੀਣ ਦੀ।

ਥੋਨੂੰ ਮੈਂ ਫ਼ਕੀਰਾਂ ਤੋਂ ਸ਼ਹਿਨਸ਼ਾਹ ਬਣਾ ਦਿਆਂਗਾ
ਮੌਤ ਦੀ ਨਾ ਗੱਲ ਕਰੋ, ਗੱਲ ਕਰੋ ਜੀਣ ਦੀ।
ਦੋਹਾਂ ਵੀਰਾਂ ਝੱਟ ਇਕੋ ਸੂਬੇ ਨੂੰ ਜਵਾਬ ਦਿੱਤਾ
ਅਸੀਂ ਨੀ ਸੱਚਾਈ ਅੱਗੇ ਬੰਨ੍ਹ ਝੂਠਾ ਬੰਨ੍ਹਣਾ।
ਅਸੀਂ ਨਹੀਓਂ ਹੀਰਾਂ ਲੈਂਦੇ, ਅਸੀਂ ਨੀਂ ਜਗੀਰਾਂ ਲੈਂਦੇ
ਭਾਂਡਾ ਲਬ ਲੋਭ ਦਾ ਚੁਰਾਹੇ ਵਿਚ ਭੰਨਣਾ।
ਚੰਦ ਤੂੰ ਚੜ੍ਹਾਏ ਜਿਹੜੇ ਅੱਲਾ ਉਤੋਂ ਜਾਣਦਾ ਏ
ਕਿਸੇ ਹਤਿਆਰੀ ਮਾਂ ਦੇ ਹਤਿਆਰੇ ਚੰਨਣਾ।
ਕੰਧ ਭਾਵੇਂ ਖਿੱਚ ਕੇ ਆਕਾਸ਼ ਤੱਕ ਲੈ ਜਾ ਸੂਬੇ
ਅਸੀਂ ਨੀ ਹੁਕਮ ਤੇਰਾ ਚੌਲ ਜਿੰਨਾ ਮੰਨਣਾ।
ਠੰਡੜੇ ਬੁਰਜ ਕਿਸੇ ਮਾਤਾ ਨੂੰ ਸੁਨੇਹਾ ਦਿੱਤਾ
ਮਾਤਾ ਤੇਰੇ ਪੋਤਰੇ ਸ਼ਹੀਦ ਕੀਤੇ ਗਏ ਨੇ।
ਤੇਰੇ ਤਾਂ ਦਿਲੇ ਦੇ ਭਾਵੇਂ ਫੱਟ ਹੋਰ ਖੁਲ੍ਹ ਗਏ ਐ
ਭਾਰਤ ਮਾਤਾ ਦੇ, ਸਾਰੇ ਫੱਟ ਸੀਤੇ ਗਏ ਨੇ।
ਲਹੂ 'ਚ ਗੜੁੱਚ ਦੇਖੇ ਲਾਲ ਜਦੋਂ ਗੁਜਰੀ ਨੇ
ਪਤਾ ਨੀ ਤਸੀਹਾ ਏਨਾ ਦਿਲ ਕਿੱਦਾਂ ਸਹਿ ਗਿਆ।
ਲਹਿ ਗਿਆ ਕਰਜ਼ ਸਾਰਾ ਹਿੰਦੀਆਂ ਦੇ ਸੀਸ ਉਤੋਂ
ਪਤੀ ਦਾ ਵੀ ਸੀਸ ਹੈ ਸੀ ਦਿੱਲੀ ਵਿਚ ਲਹਿ ਗਿਆ।
ਦੋ ਪੋਤੇ ਜੰਗ ਵਿਚ, ਦੋ ਪੋਤੇ ਕੰਧ ਵਿਚ
ਸੋਨੇ ਤੋਂ ਅਮੁੱਲ ਲਹੂ ਮਿੱਟੀ ਵਿਚ ਬਹਿ ਗਿਆ।
ਐ ਮੇਰੇ ਦੇਸ਼ ਬੋਲ ਗੁਜਰੀ ਦੇ ਜ਼ਿੰਮੇਂ ਤੇਰਾ
ਕਿੰਨਾ ਕੁ ਬਕਾਇਆ ਹੋਰ ਵਹੀਆਂ ਵਿਚ ਰਹਿ ਗਿਆ।
ਬੜੇ ਬੜੇ ਬਲੀਦਾਨੀ ਹੋਏ ਐ ਜਹਾਨ ਵਿਚ
ਗੁਜਰੀ ਦਾ ਲਹੂ ਦਾਨ ਬੜੇ ਤੋਂ ਵੀ ਬੜਾ ਏ।
ਸਫ਼ਰੀ ਸ਼ਹੀਦਾਂ ਭਾਰ ਚੁਕਿਆ ਸਿਰਾਂ ਤੇ ਪਰ
ਸਿੱਖੀ ਦਾ ਮਹੱਲ ਚੌਹਾਂ ਸਿਰਾਂ ਉੱਤੇ ਖੜ੍ਹਾ ਏ।

*****

16

ਕੋਹਿਨੂਰ ਵੀ ਹੀਰਾ ਗੁਆ ਲਿਆ ਏ!

ਆਉ ਸ਼ੇਰਿ-ਪੰਜਾਬ ਰਣਜੀਤ ਸਿੰਘ ਦੇ
ਸ਼ਾਹੀ ਰਾਜ ਦਰਬਾਰ ਦੀ ਗੱਲ ਕਰੀਏ।
ਹਰੀ ਸਿੰਘ ਬਗ਼ੈਰ ਨੀ ਗੱਲ ਬਣਦੀ
ਭਾਵੇਂ ਏਥੇ ਹਜ਼ਾਰ ਦੀ ਗੱਲ ਕਰੀਏ।
ਆਉ ਉਹਦੀਆਂ ਸਾਂਝਾਂ ਦਾ ਜ਼ਿਕਰ ਕਰੀਏ
ਉਹਦੀ ਸਾਂਝੀ ਸਰਕਾਰ ਦੀ ਗੱਲ ਕਰੀਏ।
ਅੱਜਕੱਲ੍ਹ ਬਾਘਾ ਅਟਾਰੀ ਹੈ ਹੱਦ ਸਾਡੀ
ਕਿੱਦਾਂ ਕਾਬਲ ਕੰਧਾਰ ਦੀ ਗੱਲ ਕਰੀਏ।

ਨਿਖਰੀ ਸ਼ੱਬ ਲਾਹੌਰ ਦੀ ਮਹਾਰਾਜਾ
ਜਦੋਂ ਸੀਸ ਸਜਾ ਕੇ ਤਾਜ ਆਇਆ।
ਆਏ ਰਾਜ ਅਣਗਿਣਤ ਰਣਜੀਤ ਸਿੰਘਾ
ਤੇਰੇ ਰਾਜ ਵਰਗਾ ਮੁੜ ਨੀ ਰਾਜ ਆਇਆ।

ਬਾਰਾਂ ਮਿਸਲਾਂ ਦਾ ਵੱਡਾ ਇਕੱਠ ਕਰਕੇ
ਵੱਡਾ ਰਾਜ ਬਣਾਇਆ ਰਣਜੀਤ ਸਿੰਘ ਨੇ।
ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ
ਨਾਂ ਦਾ ਸਿੱਕਾ ਚਲਾਇਆ ਰਣਜੀਤ ਸਿੰਘ ਨੇ।
ਕੌਣ ਜਾਣੇ ਹਰਿਮੰਦਰ ਦੀ ਚਛੱਤ ਉੱਤੇ
ਕਿੰਨਾ ਸੋਨਾ ਚੜ੍ਹਾਇਆ ਰਣਜੀਤ ਸਿੰਘ ਨੇ।
ਜਿੰਨਾ ਧਨ ਸ਼ਿਵਾਲੇ ਦੇ ਨਾਂ ਲਾਇਆ
ਓਨਾ ਮਸਜਦ ਦੇ ਲਾਇਆ ਰਣਜੀਤ ਸਿੰਘ ਨੇ।

ਅਜ਼ੀਜ਼ ਦੀਨ ਸੀ ਵੱਡਾ ਵਜ਼ੀਰ ਓਹਦਾ
ਕਾਗਜ਼ ਸ਼ਾਹੀ ਖਜ਼ਾਨੇ ਦੇ ਬੋਲਦੇ ਐ।
ਓਹਦੇ ਰਾਜ ਨੂੰ ਹਿੰਦੂ ਵੀ ਲੱਭਦੇ ਐ
ਓਹਦੇ ਰਾਜ ਨੂੰ ਮੋਮਨ ਵੀ ਟੋਲਦੇ ਐ।

ਚਾਲੀ ਸਾਲ ਪੰਜਾਬ ਤੇ ਰਾਜ ਕੀਤਾ
ਏਦਾਂ ਰਾਜ ਨੀ ਕੋਈ ਕਮਾ ਸਕਿਆ।
ਜਿਨਾ ਸੁੱਖ ਗ਼ਰੀਬਾਂ ਨੂੰ ਉਹਨੇ ਦਿੱਤਾ
ਕੋਈ ਇਹਦਾ ਅੰਦਾਜ਼ਾ ਨੀ ਲਾ ਸਕਿਆ।
ਸ਼ਕਤੀ ਲਈ ਦਸਮੇਸ਼ ਤੋਂ ਮਹਾਰਾਜੇ
ਕੋਈ ਦੁਸ਼ਮਨ ਨੀ ਉਹਨੂੰ ਦਬਾ ਸਕਿਆ।
ਗਜ਼ਨੀ ਵਲੋਂ ਲੁਟੇਰਾ ਨਹੀਂ ਕੋਈ ਮੁੜਕੇ
ਲੁੱਟਣ ਹਿੰਦੁਸਤਾਨ ਨੂੰ ਆ ਸਕਿਆ।

ਧਿਆਨ ਸਿੰਘ ਸੀ ਦੇਸ਼ ਧਰੋਈ ਜਿਹੜਾ
ਸਾਰੇ ਦੇਸ਼ 'ਨਾ ਧਰੋ ਕਮਾ ਗਿਆ ਏ।
ਕਿਉਂ ਨਾ ਭੱਠੇ ਦੇ ਵਿਚ ਜਲਾਇਆ ਜਿਹੜਾ,
ਸਾਰੀ ਕੌਮ ਦਾ ਭੱਠਾ ਬਿਠਾ ਗਿਆ ਏ।

ਕਾਲ ਪਿਆ ਤੇ ਜੰਤਾ ਅਨਾਜ ਢੋਵੇ
ਕਿੱਦਾਂ ਬਿਪਤਾ ਵੰਡਾਈ ਰਣਜੀਤ ਸਿੰਘ ਨੇ।
ਪੰਡ ਮੋਚੀ ਦੀ ਚੁੱਕ ਕੇ ਸੀਸ ਉੱਤੇ
ਉਹਦੇ ਘਰ ਪਹੁੰਚਾਈ ਰਣਜੀਤ ਸਿੰਘ ਨੇ।
ਢੇਮਾਂ ਖਾ ਕੇ ਹਰ ਜੁਆਕ ਝੋਲੀ
ਮੁੱਠ ਮੋਹਰਾਂ ਦੀ ਪਾਈ ਰਣਜੀਤ ਸਿੰਘ ਨੇ।
ਫੂਲਾ ਸਿੰਘ ਤੋਂ ਕੋਰੜੇ ਖਾ ਕੇ ਵੀ
ਆਪਣੀ ਭੁੱਲ ਬਖ਼ਸ਼ਾਈ ਰਣਜੀਤ ਸਿੰਘ ਨੇ।

ਪਾਇਆ ਸ਼ੂਦ ਬ੍ਰਾਹਮਣ ਦਾ ਵਿਤਕਰਾ ਨਹੀਂ
ਜ਼ਾਤ ਪਾਤ ਦਾ ਝੰਜਟ ਮਿਟਾ ਗਿਆ ਏ।
ਕੰਨੋਂ ਪਕੜ ਕੇ ਸ਼ੀਂਹ ਤੇ ਬੱਕਰੀ ਨੂੰ,
ਇਕੋ ਘਾਟ ਤੇ ਪਾਣੀ ਪਿਲਾ ਗਿਆ ਏ।

ਲੈ ਕੇ ਦਿੱਲੀ ਤੋਂ ਕਾਬਲ ਕੰਧਾਰ ਤੀਕਰ
ਹੈ ਸੀ ਖਾਲਸਾ ਜੀ ਰੋਅਬ ਦਾਅਬ ਸਾਡਾ।
ਜਦ ਵੀ ਕਿਸੇ ਜਰਵਾਣੇ ਨੇ ਇੱਟ ਚੁੱਕੀ
ਪੱਥਰ ਹੁੰਦਾ ਸੀ ਅਗੋਂ ਜਵਾਬ ਸਾਡਾ।
ਪੰਜਾ ਸਾਹਿਬ ਵਿਛੋੜਿਆ ਗਿਆ ਸਾਥੋਂ
ਕਿਧਰ ਗਿਆ ਨਨਕਾਣਾ ਜਨਾਬ ਸਾਡਾ।
ਫੂਲਾ ਸਿੰਘ ਹੁੰਦਾ ਸ਼ਾਮ ਸਿੰਘ ਹੁੰਦਾ
ਲੀਰੋ ਲੀਰ ਨਾ ਹੁੰਦਾ ਪੰਜਾਬ ਸਾਡਾ।

ਜਿਹਨਾਂ ਸੰਨ ਸਨਤਾਲੀ 'ਚ ਦੇਸ਼ ਵੰਡਿਆ
ਭੱਠਾ ਉਹਨਾਂ ਦੀ ਅਕਲ ਦਾ ਬਹਿ ਗਿਆ ਏ।
ਵਾਘੇ ਤੱਕ ਕੰਧਾਰ ਤੋਂ ਅਸੀਂ ਆ ਗਏ
ਸਾਡੇ ਪੱਲੇ ਬਕਾਇਆ ਕੀ ਰਹਿ ਗਿਆ ਏ?

ਹਾਲਤ ਬਦਲ ਗਈ ਸ਼ਹਿ ਪੰਜਾਬ ਮਗਰੋਂ
ਸੌਦਾ ਕਿਸੇ ਬੰਨੇ ਸਾਈਂ ਕਿਸੇ ਬੰਨੇ।
ਚਾਲਬਾਜ਼ ਫਰੰਗੀ ਦੀ ਚਾਲ ਦੇਖੀ
ਭੈਣ ਕਿਸੇ ਬੰਨੇ ਭਾਈ ਕਿਸੇ ਬੰਨੇ।
ਹੈ ਸੀ ਤਾਂਘ ਆਜ਼ਾਦੀ ਦੀ ਬੜੇ ਚਿਰ ਦੀ
ਗਈ ਕਿਸੇ ਬੰਨੇ ਆਈ ਕਿਸੇ ਬੰਨੇ।
ਗਈ ਪੰਜਾਂ ਦਰਿਆਵਾਂ ਦੀ ਹਿੱਕ ਚੀਰੀ
ਢਾਈ ਕਿਸੇ ਬੰਨੇ ਢਾਈ ਕਿਸੇ ਬੰਨੇ।

ਕੀ ਲਿਆ ਪੰਜਾਬ ਦੀ ਵੰਡ ਪਾ ਕੇ
ਸੂਰਜ ਦੋਨਾਂ ਦਾ ਦਿਨੇ ਘਰੋ ਗਿਆ ਏ।
ਏਧਰ ਦਿੱਲੀ ਦੀ ਰਹੀ ਦਲੀਜ ਕੋਈ ਨਾ
ਓਧਰ ਕੂੜਾ ਕਰਾਚੀ ਦਾ ਹੋ ਗਿਆ' ਏ।

ਛੱਡਿਆ ਭਾਰਤ ਅੰਗ੍ਰੇਜ਼ਾਂ ਨੂੰ ਸਿੱਖ ਕਹਿੰਦੇ
ਯਾਰਾ ਸਾਡਾ ਵੀ ਲੇਖਾ ਚੁਕਾ ਕੇ ਜਾਹ।
ਸਾਥੋਂ ਰਾਜ ਲਿਆ ਸੀ ਫਿਰੰਗੀਆ ਤੂੰ
ਸਾਡਾ ਰਾਜ ਸਾਨੂੰ ਹੀ ਪਰਤਾ ਕੇ ਜਾਹ।
ਹਿੰਦੂ ਸਿੱਖ ਤਾਂ ਦੋਵੇਂ ਸੰਤੁਸ਼ਟ ਹੋ ਗਏ
ਸਿੱਖ ਕੌਮ ਦਾ ਵੀ ਕੁਝ ਬਣਾ ਕੇ ਜਾਹ।
ਘੱਟੋ ਘੱਟ ਲਾਹੌਰ ਦੇ ਕਿਲ੍ਹੇ ਉੱਤੇ
ਸਾਡਾ ਕੇਸਰੀ ਝੰਡਾ ਲਹਿਰਾ ਕੇ ਜਾਹ।

ਸਫਰੀ ਲੈ ਕੇ ਅੱਗ ਪਰਾਏ ਘਰ ਦੀ
ਅਸੀਂ ਆਪਣਾ ਝੁੱਗਾ ਜਲਾ ਲਿਆ ਏ।
ਰਾਜ ਲੱਭਦਿਆਂ ਲੱਭਦਿਆਂ ਅਸੀਂ ਹੱਥੋਂ
ਕੋਹਿਨੂਰ ਹੀਰਾ ਵੀ ਗੁਆ ਲਿਆ ਏ।

*****

17

ਵਲੀ ਕੰਧਾਰੀ

ਘੋਰ ਤਪੱਸਿਆ ਕਰਦੇ ਕਰਦੇ ਗੁਰ ਨਾਨਕ ਨਿਰੰਕਾਰੀ
ਹਸਨ ਇਬਦਾਲ ਇਲਾਕੇ ਦੇ ਵਿਚ ਜਾ ਪਹੁੰਚੇ ਇਕ ਵਾਰੀ।

ਜੇਠ ਮਹੀਨਾ ਧਰਤੀ ਤਪਦੀ, ਅੰਬਰ ਅੱਗ ਵਰਸਾਏ
ਦੂਰ ਦੂਰ ਤੱਕ ਪਾਣੀ ਦੀ ਇਕ ਛਿੱਟ ਨਜ਼ਰ ਨਾ ਆਏ।

ਹਰਨਾਂ ਦੇ ਵੀ ਪਿੰਡੇ ਹੋ ਗਏ ਤਵਿਉਂ ਵੱਧ ਕੇ ਕਾਲੇ
ਕਦੋਂ ਪਪੀਹੇ ਪੀ ਪੀ ਬੋਲਣ ਮੂੰਹ ਨੂੰ ਵੱਜ ਗਏ ਤਾਲੇ।

ਵਿਲਕ ਵਿਲਕ ਮਰਦਾਨਾ ਕਹਿੰਦਾ ਸਤਿਗੁਰ ਜਾਵਾਂ ਵਾਰੀ
ਤੁਸੀਂ ਤਾਂ ਠਹਿਰੇ ਪੀਰ ਪੈਗੰਬਰ ਥੋਡੀ ਬਾਤ ਨਿਆਰੀ।

ਮੈਂ ਪਿਆਸਾ ਕੱਲ੍ਹ ਪਰਸੋਂ ਦਾ ਮੇਰੇ ਬੁਲ੍ਹ ਧਿਆਏ
ਦੋ ਘੁੱਟ ਪਾਣੀ ਬਾਹਝੋਂ ਮੇਰੀ ਜਾਨ ਨਿਕਲਦੀ ਜਾਏ।

ਕਈ ਕਈ ਦਿਨ ਅੰਨ ਨਾ ਛਕਦੇ, ਨਾ ਪੀਂਦੇ ਹੋ ਪਾਣੀ
ਭੁੱਖ ਪਿਆਸ ਨਾ ਪੋਹਿ ਤੁਹਾਨੂੰ ਜਪਦੇ ਹੋ ਗੁਰਬਾਣੀ।

ਨੀਰ ਨਾ ਹੋਵੇ, ਅੰਨ ਨਾ ਹੋਵੇ ਥੋਨੂੰ ਫ਼ਿਕਰ ਨੀ ਕਾਈ
ਤੁਸੀਂ ਪਾਤਸ਼ਾਹ ਬਿਨਾਂ ਖਾਧਿਆਂ ਅੱਧੀ ਉਮਰ ਲੰਘਾਈ।

ਮੈਂ ਪਿਆਸਾ ਕੱਲ੍ਹ ਪਰਸੋਂ ਦਾ, ਮੇਰੀ ਆਸ ਪੁਜਾ ਦਉ
ਪਾਣੀ ਘੁੱਟ ਪਿਲਾ ਦਉ ਮੈਨੂੰ ਮੇਰੀ ਜਾਨ ਬਚਾ ਦਉ।

ਪਾਣੀ ਸ਼ੈ ਵੱਡ ਮੁੱਲੀ, ਨਹੀਉਂ ਪਾਣੀ ਬਿਨਾਂ ਗੁਜ਼ਾਰੇ
ਲੋਕ ਜਿਸ ਤਰ੍ਹਾਂ ਲਾਉਂਦੇ ਮੈਨੂੰ ਬਹੁਤ ਨਾ ਲਾਵੋ ਲਾਰੇ।

ਸਤਿਗੁਰ ਬੋਲੇ ਓ ਮਰਦਾਨੇ ਸਬਰ ਦਾ ਸਾਂਭ ਪਿਆਲਾ
ਪਾਣੀ ਕਿਥੋਂ ਦਿਆਂ ਨਾ ਏਥੇ ਮਸਜਦ ਨਾ ਸੁਖਾਲਾ।

ਬਿਨਾਂ ਪਾਣੀਉਂ ਮੋਇਆ ਜੇ ਤੂੰ, ਕੰਮ ਤੇਰਾ ਸਰ ਜਾਊ
ਕੁਲ ਜ਼ਮਾਨਾ ਆ ਕੇ ਤੇਰੀ ਕਬਰ ਤੇ ਫੁੱਲ ਚੜ੍ਹਾਊ।

ਮੈਂ ਪਿਆਸਾ ਮਰ ਗਿਆ ਮੈਨੂੰ ਕਿਨੇ ਕਿਸੇ ਯਾਦ ਨੀ ਕਰਨਾ
ਕਿਸੇ ਨੇ ਆ ਕੇ ਕਬਰ ਮੇਰੀ ਤੇ ਇਕ ਧੇਲਾ ਨੀ ਧਰਨਾ।

ਲੋਕੀਂ ਕਹਿਣਾ ਮਾਪਿਆਂ ਇਹ ਸੀ ਡੂਮ ਵਿਚਾਰਾ
ਮਗਰ ਗੁਰਾਂ ਦੇ ਲਗਾ ਹੋਇਆ ਖੀਰ ਖਾਣ ਦਾ ਮਾਰਾ।

ਮਿਹਰ ਕਰੋ ਮੇਰੇ ਸਤਿਗੁਰ ਮੈਨੂੰ ਪਾਣੀ ਘੁੱਟ ਪਲਾ ਦੇਉ
ਨਹੀਂ ਤਾਂ ਮੇਰੇ ਜੀਉਂਦੇ ਤੇ ਹੀ ਦੋ ਗਜ਼ ਕੱਪੜਾ ਪਾਵਉ।

ਸਤਿਗੁਰ ਬੋਲੇ ਮਰਦਾਨੇ ਕਰ ਬਹੁਤ ਨਾ ਗਿਰੀਆ ਜਾਰੀ
ਔਹ ਇਕ ਰਹਿੰਦਾ ਟਿੱਬੀ ਉੱਤੇ ਪੀਰ ਵਲੀ ਕੰਧਾਰੀ।

ਉਸ ਵਲੀ ਨੂੰ ਜਾ ਮਰਦਾਨੇ ਸੁੱਕੇ ਬੁਲ੍ਹ ਦਿਖਾ ਕੇ
ਜੇ ਦੇਂਦਾ ਤਾਂ ਦੋ ਘੁੱਟ ਪਾਣੀ ਮੰਗ ਲੈ ਉਹ ਤੋਂ ਜਾ ਕੇ।

ਚੜ੍ਹਿਆ ਉੱਚੀ ਟਿੱਬੀ ਉੱਤੇ ਵਾਹ ਮਰਦਾਨੇ ਲਾਈ
ਵਲੀ ਕੰਧਾਰੀ ਦੇ ਤਕੀਏ ਤੇ ਜਾ ਸਲਾਮ ਬੁਲਾਈ।

ਮੈਂ ਆਇਆ ਦਰ ਤੇਰੇ ਹਜ਼ਰਤ ਮੇਰੀ ਆਸ ਪੁਜਾ ਦੇ
ਬਿਨ ਪਾਣੀ ਮੈਂ ਮਰਦਾ ਜਾਨਾਂ ਪਾਣੀ ਘੁਟ ਪਿਲਾ ਦੇ।

ਵਲੀ ਕੰਧਾਰੀ ਬੋਲੇ ਅਗੋਂ ਕਿਹਦਾ ਸ਼ਿਸ਼ ਕਹਾਇਉਂ
ਕਾਫ਼ਰ ਹੋ ਕੇ ਪਾਣੀ ਮੰਗਣ ਮੁਸਲਮਾਨ ਤੋਂ ਆਇਉਂ?

ਦਰਦੀ ਬੜਾ ਕਹਾਉਂਦਾ ਤੇਰਾ ਦਰਦ ਵੰਡਾ ਨੀ ਸਕਦਾ
ਜਿਹਦੀ ਖਿਦਮਤ ਕਰਦੈਂ ਦੋ ਘੁਟ ਨੀਰ ਪਿਲਾ ਨੀਂ ਸਕਦਾ?

ਅਸੀਂ ਮਜ਼ਬ ਦੇ ਪੱਕੇ ਮੀਰ! ਥੋੜੀ ਹੋਰ ਕਹਾਣੀ
ਮੁਸਲਮਾਨ ਤੋਂ ਬਿਨਾਂ ਕਿਸੇ ਨੂੰ ਚੁਲੀ ਨੀ ਦਿੰਦੇ ਪਾਣੀ।

ਮਰਦਾਨੇ ਨੂੰ ਵਲੀ ਕੰਧਾਰੀ ਕੜਵੇ ਬੋਲ ਸੁਣਾਏ
ਰੋਸ ਬੜਾ ਮਰਦਾਨੇ ਨੂੰ ਪਰ ਪੇਸ਼ ਕੋਈ ਨਾ ਜਾਏ।

ਵਾਪਿਸ ਮੁੜ ਪਏ ਮਰਦਾਨਾ ਜੀ ਮੁਸ਼ਕਲ ਪੰਧ ਮੁਕਾਇਆ
ਪਾਣੀ ਮਿਲਿਆ ਨਹੀਂ ਗੁਰਾਂ ਨੂੰ ਸਾਰਾ ਹਾਲ ਸੁਣਾਇਆ।

ਸਤਿਗੁਰ ਬੋਲੇ! 'ਓ ਮਰਦਾਨੇ ਹੋਰ ਦੇਖ ਅਜ਼ਮਾ ਕੇ
ਮੁਸਲਮਾਨ ਕਹੀਂ ਦੇ ਦੇ ਪਾਣੀ ਮੇਰਾ ਤਰਲਾ ਪਾ ਕੇ।

ਹੱਥ ਜੋੜ ਮਰਦਾਨਾ ਕਹਿੰਦਾ ਮੈਂ ਨੀ ਤਰਲੇ ਪਾਉਣੇ
ਰੱਬ ਵਰਗੇ ਨਾਨਕ ਨੂੰ ਮੈਂ ਨੀ ਬੋਲ ਕਬੋਲ ਕਹਾਉਣੇ।

ਕੀ ਦੁਨੀਆਂ ਨਾ ਮੈਨੂੰ ਆਖੂ ਇਹ ਕਿਥੋਂ ਦਾ ਵਾਸੀ
ਗੁਰ ਨਾਨਕ ਦੀ ਨਿੰਦਿਆ ਸੁਣ ਕੇ ਮਰ ਨਾ ਗਿਆ ਮਰਾਸੀ।

ਨਾ ਮੈਂ ਮੰਗਾਂ ਅੰਨ ਪਾਤਸ਼ਾਹ ਨਾ ਮੈਂ ਮੰਗਾਂ ਪਾਣੀ
ਸਿੱਧੀ ਜਾਊ ਸੱਚ ਖੰਡ ਨੂੰ ਮੇਰੀ ਰੂਹ ਨਿਮਾਣੀ।

"ਪਿੰਡ ਹੁੰਦੇ ਤਾਂ ਮੌਜਾਂ ਲੈਂਦੇ ਪੀਂਦੇ ਹਰ ਸ਼ੈ ਦੱਸੀ
ਨਾਈਆਂ ਦੇ ਘਰ ਨਿੰਬੂ ਪਾਣੀ ਲੰਬੜਾਂ ਦੇ ਘਰ ਲੱਸੀ।"

ਚੇਤੇ ਆਉਂਦੇ ਖੂਹ ਵਤਨ ਦੇ ਦਿਲ ਨੂੰ ਘੇਰਾ ਪਾਉਂਦੇ
ਨਵੀਂ ਵਿਆਹੀ ਕੁੜੀ ਨੂੰ ਜਿੱਦਾਂ ਪੇਕੇ ਚੇਤੇ ਆਉਂਦੇ।

ਸਤਿਗੁਰ ਬੋਲੇ "ਓਹ ਮਰਦਾਨੇ ਜੇ ਸਬਰ ਨੀਂ ਆਉਂਦਾ
ਔਹ ਇਕ ਪੱਥਰ ਪੱਟ ਦੇਖ ਫਿਰ ਕੁਦਰਤ ਰੰਗ ਵਖਾਉਂਦੀ।

ਮਰਦਾਨੇ ਨੇ ਪੱਥਰ ਚੁਕਿਆ ਤੱਕੇ ਅਜਬ ਨਜ਼ਾਰੇ
ਪੱਥਰ ਵਿਚੋਂ ਠੰਡੇ ਠੰਡੇ ਜਲ ਦੇ ਪੈਣ ਫੁਹਾਰੇ।

ਮਰਦਾਨੇ ਰੱਜ ਪਾਣੀ ਪੀਤਾ ਜਾਨ ਜਾਨ ਵਿਚ ਆਈ
ਗੁਰ ਨਾਨਕ ਦੇ ਚਰਨਾਂ ਉੱਤੇ ਡਿੱਗ ਕੇ ਖੁਸ਼ੀ ਮਨਾਈ।

ਓਧਰ ਪਿੱਟੇ ਵਲੀ ਕੰਧਾਰੀ ਖੂਹ ਕਿਹਨੇ ਖੂਹ ਸੁਕਾਇਆ
ਇਕ ਬੂੰਦ ਨੀ ਪਾਣੀ ਲੱਭਾ ਡੋਲ ਜਦੋਂ ਲਮਕਾਇਆ।

ਰੋਹ ਵਿਚ ਆ ਕੇ ਓਸ ਵਲੀ ਨੇ ਕਰਾਮਾਤ ਦਿਖਲਾਈ
ਇਕ ਪਹਾੜੀ ਮੋਢਾ ਡਾਹ ਕੇ ਨਾਨਕ ਵਲ ਖਿਸਕਾਈ।

ਆਉਂਦਾ ਜਦੋਂ ਪਹਾੜ ਦੇਖਿਆ ਮਰਦਾਨਾ ਕੁਰਲਾਇਆ
ਬਚੋ ਬਚੋ ਗੁਰ ਨਾਨਕ! ਉਤੋਂ ਭਾਰੀ ਪਰਬਤ ਆਇਆ।

ਉਹ ਪਹਾੜੀ ਸੁੱਟ ਵਲੀ ਨੇ ਸਾਰੀ ਤਾਕਤ ਝੋਕੀ
ਗੁਰ ਨਾਨਕ ਨੇ ਉਹ ਪਹਾੜੀ ਪੰਜੇ ਉੱਤੇ ਰੋਕੀ।

ਗੁਰ ਨਾਨਕ ਦੀਆਂ ਪੰਜੇ ਉਂਗਲਾਂ ਪੱਥਰ ਵਿਚ ਖੁੱਭ ਗਈਆਂ
ਇਹ ਦੇਖ ਕੇ ਅੰਬਰ ਉਤੋਂ ਵਲੀ ਨੂੰ ਝਿੜਕਾਂ ਪਈਆਂ।

ਦੇਵਤਿਆਂ ਫ਼ਰਮਾਇਆ ਲੋਕੋ ਬਦੀਆਂ ਵਲ ਨਾ ਜਾਇਓ
ਗੁਰ ਨਾਨਕ ਦੇ ਪੰਜੇ ਵਲ ਨੂੰ ਹਰ ਦਮ ਸੀਸ ਨਿਵਾਇਓ।

*****

ਜੀਤਾਂ ਤੇਰਾ ਧੰਨ ਜਿਗਰਾ

[ਗੁਰੂ ਗੋਬਿੰਦ ਸਿੰਘ ਜੀ ਵਲੋਂ]

ਜੀਤਾਂ ਤੇਰਾ ਧੰਨ ਜਿਗਰਾ
ਮੁਖੋਂ ਦਸਵੇਂ ਪਿਤਾ ਨੇ ਫ਼ਰਮਾਇਆ।
ਜੋੜਾ ਜੋੜਾ ਪੁੱਤਰਾਂ ਦਾ
ਅੱਖਾਂ ਸਾਹਮਣੇ ਸ਼ਹੀਦ ਕਰਾਇਆ।

ਜੀਤਾਂ ਜੇਹੀ ਮਾਂ ਵਰਗੀ
ਹੋਰ ਮਾਂ ਨੀ ਜਗਤ ਵਿਚ ਕੋਈ।
ਲਾਲਾਂ ਉੱਤੇ ਕੰਧ ਉਸਰੀ
ਢਾਹਾਂ ਮਾਰ ਕੇ ਮਨੁੱਖਤਾ ਰੋਈ।
ਸ਼ੇਰ ਖਾਂ ਦਾ ਦਿਲ ਕੂਕਿਆ
"ਪਾਪੀ ਸੂਬਿਆ ਤੂੰ ਕਹਿਰ ਕੀ ਕਮਾਇਆ.."।
ਜੀਤਾਂ ਤੇਰਾ ਧੰਨ ਜਿਗਰਾ...

ਬਾਂਹ ਮਾਤਾ ਗੁਜਰੀ ਦੀ
ਝੰਜੋੜ ਕੇ ਜੱਲਾਦ ਪਰ੍ਹਾਂ ਮਾਰੀ।
ਦਾਦੀ ਕੋਲੋਂ ਖੋਹਿਆ ਪੋਤਰਾ
ਕੰਧ ਕਿਲ੍ਹੇ ਦੀ ਤਿੜਕ ਗਈ ਸਾਰੀ।
ਲਾਲਾਂ ਨੂੰ ਸ਼ਹੀਦ ਕਰ ਦਉ
ਸੂਬੇ ਔਂਤਰੇ ਨੇ ਹੁਕਮ ਸੁਣਾਇਆ।
ਜੀਤਾਂ ਤੇਰਾ ਧੰਨ ਜਿਗਰਾ...

ਜੰਗ ਛਿੜੀ ਚਮਕੌਰ ਦੀ
ਵੈਰੀ ਲੱਖਾਂ ਦੀ ਤਾਦਾਦ ਵਿਚ ਆਏ।
ਅਜੀਤ ਤੇ ਜੁਝਾਰ ਸਿੰਘ ਨੇ
ਵੈਰੀ ਪਤਾ ਨੀ ਕਿੰਨੇ ਕੁ ਝਟਕਾਏ।

ਖਾਲਸੇ ਦੀ ਤੇਗ ਚਮਕੀ
ਲੱਖਾਂ ਵੈਰੀਆਂ ਦਾ ਹੋ ਗਿਆ ਸਫਾਇਆ।
ਜੀਤਾਂ ਤੇਰਾ ਧੰਨ ਜਿਗਰਾ...

ਸੂਬੇ ਨੰਨ੍ਹੇ ਬੱਚਿਆਂ ਦਾ
ਲਹੂ ਇੱਟਾਂ ਉੱਤੇ ਨਹੀਂ ਸੀ ਨਿਚੋੜਨਾ।
ਖਾਲਸੇ ਨੂੰ ਰੋਹ ਚੜ੍ਹਿਆ
ਸੂਦ ਪਾ ਕੇ ਹਿਸਾਬ ਤੇਰਾ ਮੋੜਨਾ।
ਕਹਿੰਦੀ ਹਊ ਕੀ ਅੰਮੜੀ
ਜਿਹਦੇ ਪਾਪੀਆਂ ਕਲੇਜੇ ਹੱਥ ਪਾਇਆ।
ਜੀਤਾਂ ਤੇਰਾ ਧੰਨ ਜਿਗਰਾ...

*****

19

ਕਿਤੇ ਨੀ ਸਾਡਾ ਦਿਲ ਲੱਗਦਾ

ਬਿਨ ਪਟਨੇ ਸ਼ਹਿਰ ਸਰਦਾਰਾ
ਕਿਤੇ ਨੀ ਸਾਡਾ ਦਿਲ ਲੱਗਦਾ।
ਖੋਜ ਮਾਰਿਆ ਜਹਾਨ ਅਸੀਂ ਸਾਰਾ
ਕਿਤੇ ਨੀ ਸਾਡਾ ਦਿਲ ਲੱਗਦਾ।

ਪਾਪ ਨੂੰ ਜੜ੍ਹਾਂ ਤੋਂ ਏਸ ਪਟਨੇ ਨੇ ਪੱਟਿਆ
ਇਹਦੇ ਨਾਲ ਮੱਥਾ ਲਾ ਕੇ ਮੁਗ਼ਲਾਂ ਕੀ ਖੱਟਿਆ।
ਪਟਨੇ ਨੇ ਰੁੜ੍ਹੀ ਜਾਂਦੀ ਹਿੰਦ ਨੂੰ ਬਚਾਇਆ, ਸਿੰਘੋ
ਤਾਹੀਉਂ ਪੂਜਦਾ ਜਹਾਨ ਇਹਨੂੰ ਸਾਰਾ।
ਕਿਤੇ ਨੀ ਸਾਡਾ ਦਿਲ ਲੱਗਦਾ...

ਬੜਾ ਖੜਕਾਇਆ ਅਸੀਂ ਕੁੰਡਾ ਸਾਰੇ ਜੱਗ ਦਾ
ਕਿਸੇ ਵੀ ਨੀ ਰਖਿਆ ਖਿਆਲ ਸਾਡੀ ਪੱਗ ਦਾ।
ਪਟਨੇ ਸ਼ਹਿਰ ਬਾਜਾਂ ਵਾਲੇ ਨੇ ਜਨਮ ਲੀਤਾ
ਸਾਨੂੰ ਇਕੋ ਬਾਜਾਂ ਵਾਲੇ ਦਾ ਸਹਾਰਾ।
ਕਿਤੇ ਨੀ ਸਾਡਾ ਦਿਲ ਲੱਗਦਾ...

ਪਟਨਾ ਸ਼ਹਿਰ ਸਾਡੀ ਜਿੰਦ ਹੈ ਤੇ ਜਾਨ ਹੈ
ਖਾਲਸੇ ਦੀ ਆਨ ਹੈ ਇਹ ਖਾਲਸੇ ਦੀ ਸ਼ਾਨ ਹੈ।
ਜਿੰਦ ਚਲੀ ਜਾਵੇ ਤਾਂ ਬੇਸ਼ੱਕ ਚਲੀ ਜਾਵੇ ਸਾਨੂੰ
ਜਿੰਦ ਨਾਲੋਂ ਪਟਨਾ ਪਿਆਰਾ।
ਕਿਤੇ ਨੀ ਸਾਡਾ ਦਿਲ ਲੱਗਦਾ...

ਇਕ ਸਾਡਾ ਮਨ ਭਾਉਂਦਾ ਸ਼ਹਿਰ ਨਨਕਾਣਾ ਏ
ਅਸੀਂ ਹੱਦ ਭੰਨ ਕੇ ਜ਼ਰੂਰ ਓਥੇ ਜਾਣਾ ਏ।
ਸਫ਼ਰੀ ਮਿਲਣਾ ਵਿਛੜ ਗਿਆਂ ਸਾਥੀਆਂ ਨੂੰ
ਅਸੀਂ ਕਰਾਂਗੇ ਜ਼ਰੂਰ ਕੋਈ ਚਾਰਾ।
ਕਿਤੇ ਨੀ ਸਾਡਾ ਦਿਲ ਲੱਗਦਾ...

*****

ਰੱਬ ਨੇੜੇ ਆਏਗਾ

ਦੂਰੀਆਂ ਵਧਾਉਗੇ ਤਾਂ ਦਿਲ ਦੂਰ ਜਾਏਗਾ
ਨੇੜੇ ਨੇੜੇ ਆਉਗੇ ਤਾਂ ਰੱਬ ਨੇੜੇ ਆਏਗਾ।

ਈਰਖਾ 'ਚ ਬੇੜਾ ਡੁੱਬ ਚੱਲਾ ਸੰਸਾਰ ਦਾ
ਪਿਆਰ ਦੇ ਬਗੈਰ ਬੰਦਾ ਆਰ ਦਾ ਨਾ ਪਾਰ ਦਾ।
ਜ਼ਿਦ ਖੋਰਾ ਆਦਮੀ ਜ਼ਰੂਰ ਪਛਤਾਏਗਾ
ਨੇੜੇ ਨੇੜੇ ਆਉਗੇ ਤਾਂ ਰੱਬ ਨੇੜੇ ਆਏਗਾ...।

ਪੰਜਵੇਂ ਗੁਰਾਂ ਨੇ ਹਰਿਮੰਦਰ ਉਸਾਰਿਆ
ਕਿਨਾ ਸੋਹਣਾ ਗੁਰਾਂ ਨੇ ਵਿਚਾਰ ਇਹ ਵਿਚਾਰਿਆ।
ਕੌਣ ਕਹਿੰਦਾ ਸਿਗਾ ਇੱਟ ਮੀਆਂ ਮੀਰ ਲਾਏਗਾ
ਨੇੜੇ ਨੇੜੇ ਆਉਗੇ ਤਾਂ ਰੱਬ ਨੇੜੇ ਆਏਗਾ...।

ਸਾਂਝਾ ਖ਼ੂਨ ਡੁੱਲ੍ਹਾ ਹੱਡ ਮਿੱਟੀ ਵਿਚ ਰੁਲ ਗਏ
ਜਲ੍ਹਿਆਂਵਾਲੇ ਬਾਗ ਦੇ ਸ਼ਹੀਦ ਸਾਨੂੰ ਭੁੱਲ ਗਏ।
ਲਾਸ਼ਾਂ ਵਾਲਾ ਖੂਹ ਸਾਨੂੰ ਲਾਅਨਤਾਂ ਨਾ ਪਾਏਗਾ?
ਨੇੜੇ ਨੇੜੇ ਆਉਗੇ ਤਾਂ ਰੱਬ ਨੇੜੇ ਆਏਗਾ...।

ਸਫ਼ਰੀ ਵਚੋਲਾ ਉਹਨੂੰ ਮੰਨੋਂ ਏਸ ਦੌਰ ਦਾ
ਦਿਲ ਜਿਹੜਾ ਮੇਲ ਦੇਵੇ ਦਿੱਲੀ ਤੇ ਲਾਹੌਰ ਦਾ।
ਦੂਈ ਦੀ ਦੀਵਾਰ ਕੋਈ ਸੂਰਮਾ ਹੀ ਢਾਏਗਾ
ਨੇੜੇ ਨੇੜੇ ਆਉਗੇ ਤਾਂ ਰੱਬ ਨੇੜੇ ਆਏਗਾ...।

*****

21

ਕੇਸਗੜ੍ਹ ਅੱਗ ਚਮਕੀ

ਕੇਸਗੜ੍ਹ ਅੱਗ ਚਮਕੀ
ਜਦੋਂ ਤੇਗ਼ ਦਸਮੇਸ਼ ਨੇ ਉਭਾਰੀ
ਸ਼ਕਤੀ ਔਰੰਗਜ਼ੇਬ ਦੀ
ਏਸੇ ਅੱਗ 'ਚ ਸੁਆਹ ਹੋ ਗਈ ਸਾਰੀ
ਕੇਸਗੜ੍ਹ ਅੱਗ ਚਮਕੀ...

ਕੇਸਗੜ੍ਹ ਧਰਤੀ ਤੇ
ਇਕ ਸਜਿਆ ਦੀਵਾਨ ਬੜਾ ਭਾਰੀ
ਪਾਤਸ਼ਾਹ ਦਿਆਲ ਹੋ ਗਿਆ
ਕਹਿੰਦਾ ਹਿੰਦ ਨੂੰ ਬਚਾਉਣਾ ਇਕ ਵਾਰੀ
ਬੰਦਿਆਂ ਦੇ ਸਿਰ ਮੰਗਦਾ
ਨਾਲੇ ਵੰਡਦਾ ਫਿਰੇ ਸਰਦਾਰੀ
ਕੇਸਗੜ੍ਹ ਅੱਗ ਚਮਕੀ...

ਦਇਆ ਰਾਮ ਪਹਿਲਾਂ ਉਠਿਆ
ਫੇਰ ਧਰਮ ਹਿੰਮਤ ਸਿੰਘ ਆਏ
ਮੋਹਕਮ ਸਾਹਿਬ ਚੰਦ ਨੇ
ਹੱਸ ਹੱਸ ਕੇ ਸੀਸ ਕਟਵਾਏ
ਕੱਟੇ ਹੋਏ ਸੀਸ ਜੁੜ ਗਏ
ਕੀਤੀ ਪਾਤਸ਼ਾਹ ਨੇ ਬਾਤ ਨਿਆਰੀ
ਕੇਸਗੜ੍ਹ ਅੱਗ ਚਮਕੀ...

ਉਚਰੀਆਂ ਪੰਜ ਬਾਣੀਆਂ
ਖੰਡਾ ਫੇਰ ਕੇ ਪਤਾਸੇ ਘੋਲੇ
ਬਾਟੇ ਵਿਚੋਂ ਉਠੀ ਰੌਸ਼ਨੀ
ਹੋ ਗਈ ਬੁੱਝ ਕੇ ਹਕੂਮਤ ਕੋਲੇ

ਖਾਲਸੇ ਦਾ ਟੌਰ੍ਹ ਹੋ ਗਿਆ
ਏਥੋਂ ਚੁੱਕ ਲਉ ਸਫਾਂ ਸਰਕਾਰੀ
ਕੇਸਗੜ੍ਹ ਅੱਗ ਚਮਕੀ...

ਖਾਲਸੇ ਨੇ ਪਹੁਲ ਛੱਕ ਲਈ
ਉਹ ਤੇਗ਼ ਦੇ ਜੌਹਰ ਦਿਖਲਾਏ
ਗੁਰੂ ਜੀ ਦੇ ਤੀਰਾਂ ਸਾਹਮਣੇ
ਵੈਰੀ ਭੱਜਦੇ ਨਜ਼ਰ ਨਾ ਆਏ
ਸਫ਼ਰੀ ਨਿਹਾਲ ਹੋ ਗਏ
ਸਿੱਖ ਜਿੱਤ ਗਏ ਹਕੂਮਤ ਸਾਰੀ
ਕੇਸਗੜ੍ਹ ਅੱਗ ਚਮਕੀ...

*****

ਪਹੁਲ ਖੰਡੇ ਧਾਰ ਦੀ

ਪੀ ਲੈ ਪੀ ਲੈ ਓ ਸਿੰਘਾ!
ਪਹੁਲ ਖੰਡੇ ਧਾਰ ਦੀ
ਇਕੋ ਬੂੰਦ ਹਿੰਦ ਦਾ ਕਲੇਜਾ ਜਾਂਦੀ ਠਾਰਦੀ
ਪੀ ਲੈ ਪੀ ਲੈ ਓ ਸਿੰਘਾ!...

ਇਕ ਘੁੱਟ ਪੀ ਲਿਆ ਜੀਹਨੇ ਵੀ ਖੰਡੇ ਧਾਰ ਦਾ
ਮੌਤ ਦੇ ਵੀ ਜਾਂਦਾ ਏ ਲਫੇੜੇ ਮੂੰਹ ਤੇ ਮਾਰਦਾ
ਖਾਲਸੇ ਦੀ ਫੌਜ ਨਹੀਂ ਜਮਾਂ ਤੋਂ ਕਦੇ ਹਾਰਦੀ
ਪੀ ਲੈ ਪੀ ਲੈ ਓ ਸਿੰਘਾ!...

ਪਹੁਲ ਦੀ ਤਾਸੀਰ ਬਾਬੇ ਬੰਦੇ ਨੇ ਦਿਖਾਈ ਐ
ਦੇਖੋ ਜੀ ਵਜ਼ੀਰ ਖਾਂ ਨੂੰ ਨਾਨੀ ਯਾਦ ਆਈ ਐ
ਸੰਘੀ ਘੁੱਟੀ ਪਹੁਲ ਨੇ ਮੁਗ਼ਲ ਸਰਕਾਰ ਦੀ
ਪੀ ਲੈ ਪੀ ਲੈ ਓ ਸਿੰਘਾ!...

ਚਾਲੀ ਸਿੰਘ ਸੂਰਮੇਂ ਲੱਖਾਂ ਦੇ ਨਾਲ ਲੜੇ ਸੀ
ਕਾਬਲ ਪਠਾਣਾਂ ਨੇ ਵੀ ਹੱਥ ਕੀਤੇ ਖੜੇ ਸੀ
ਝਾਲ ਝੱਲੀ ਗਈ ਨਾ ਅਜੀਤ ਤੇ ਜੁਝਾਰ ਦੀ
ਪੀ ਲੈ ਪੀ ਲੈ ਓ ਸਿੰਘਾ!...

ਦਸਵੇਂ ਪਿਤਾ ਦੀ ਘੁੱਟ ਪਹੁਲ ਜਿਹੜਾ ਪੀਏਗਾ
ਸਫ਼ਰੀ ਬੇ-ਖੌਫ਼ ਹੋ ਕੇ ਦੇਸ਼ ਵਿਚ ਜੀਏਗਾ
ਪਹੁਲ ਤੋਂ ਨੀ ਚੰਗੀ ਕੋਈ ਸ਼ੈ ਸੰਸਾਰ ਦੀ
ਪੀ ਲੈ ਪੀ ਲੈ ਓ ਸਿੰਘਾ!...

*****

23

ਸਿੱਖੀ ਦਾ ਸਕੂਲ

ਮੈਂ ਤਾਂ ਸਿੱਖੀ ਦੇ ਸਕੂਲ ਵਿਚ ਪੜ੍ਹਨਾ
ਮਾਤਾ ਜੀ ਮੈਨੂੰ ਪੜ੍ਹਨ ਦਿਉ
ਮਾਤਾ ਜੀ ਮੈਨੂੰ ਪੜ੍ਹਨ ਦਿਉ

ਸਿੱਖੀ ਦੇ ਸਕੂਲ ਵਿਚ ਦੱਸੋ ਕਿੰਨੀ ਫੀਸ ਹੈ
ਦਾਖਲਾ ਰੁਪਈਏ ਨਹੀਉਂ ਦੇਣਾ ਪੈਂਦਾ ਸੀਸ ਹੈ
ਨਾਲੇ ਸੀਸ ਦੇ ਬਗੈਰ ਪੈਂਦਾ ਲੜਨਾ
ਮਾਤਾ ਜੀ ਮੈਨੂੰ ਲੜਨ ਦਿਉ
ਮਾਤਾ ਜੀ ਮੈਨੂੰ ਪੜ੍ਹਨ ਦਿਉ

ਸਿੱਖੀ ਦੇ ਸਕੂਲ ਚਾਰੇ ਸਾਹਿਬਜ਼ਾਦੇ ਪੜ੍ਹੇ ਨੇ
ਉੱਚੀਆਂ ਸ਼੍ਰੇਣੀਆਂ ਤੇ ਸੀਸ ਦੇ ਕੇ ਚੜ੍ਹੇ ਨੇ
ਬੜਾ ਕਠਨ ਹੈ ਚਰਖੜੀ ਤੇ ਚੜ੍ਹਨਾ
ਮਾਤਾ ਜੀ ਮੈਨੂੰ ਚੜ੍ਹਨ ਦਿਉ

ਰੰਬੀਆਂ ਦੇ ਨਾਲ ਜਿਹੜਾ ਖੋਪਰੀ ਲੁਹਾਏਗਾ
ਸਿੱਖੀ ਦਾ ਸਬਕ ਉਹ ਹੀ ਸੂਰਮਾ ਪਕਾਏਗਾ
ਪੈਂਦਾ ਦੇਗੇ ਉਬਲਦੇ 'ਚ ਕੜ੍ਹਨਾ
ਮਾਤਾ ਜੀ ਮੈਨੂੰ ਕੜ੍ਹਨ ਦਿਉ

ਸਫ਼ਰੀ ਸ਼ਹੀਦਾਂ ਦੀਆਂ ਕੀਤੀਆਂ ਕਮਾਲ ਨੇ
ਕਿੰਨਾ ਲਹੂ ਦਿੱਤਾ ਮਾਤਾ ਗੁਜਰੀ ਦੇ ਲਾਲ ਨੇ
ਮੈਨੂੰ ਇੱਟਾਂ ਦੀ ਦੀਵਾਰ ਥੱਲੇ ਖੜ੍ਹਨ ਦਿਉ
ਮਾਤਾ ਜੀ ਮੈਨੂੰ ਪੜ੍ਹਨ ਦਿਉ।

*****

ਤੇਰੇ ਬਲੀਦਾਨ ਦਾ ਹਿਸਾਬ ਕੌਣ ਲਾਏ

ਦਸਵੇਂ ਪਿਤਾ ਤੂੰ ਲਾਲ ਦੇਸ਼ ਤੋਂ ਘੁਮਾਏ
ਦੋ ਕੰਧ ਵਿਚ ਦਿੱਤੇ ਦੋ ਜੰਗ 'ਚ ਕੁਹਾਏ
ਦਾਦੀ ਦੇ ਕਲਾਵੇ ਵਿਚ ਇਕ ਵੀ ਨੀ ਹਾਏ!
ਤੇਰੇ ਬਲੀਦਾਨ ਦਾ ਹਿਸਾਬ ਕੌਣ ਲਾਏ...!

ਦਸਵੇਂ ਪਿਤਾ ਦੀ ਆਯੂ ਹੋਣੀ ਨੌਂ ਸਾਲ ਦੀ
ਦੁਨੀਆਂ 'ਚ ਗੱਲ ਕੀਤੀ ਗੁਰਾਂ ਨੇ ਕਮਾਲ ਦੀ
ਪਿਤਾ ਨੂੰ ਸ਼ਹੀਦ ਹੋਣ ਦਿੱਲੀ ਵਲ ਤੋਰ ਦਿੱਤਾ
ਉਂਗਲਾਂ ਜ਼ਮਾਨਾ ਸਾਰਾ ਮੂੰਹ ਵਿਚ ਪਾਏ
ਤੇਰੇ ਬਲੀਦਾਨ ਦਾ ਹਿਸਾਬ ਕੌਣ ਲਾਏ...

ਖਾਲਸੇ ਨਾਲ ਫੌਜ ਲੜੀ ਦਿੱਲੀ ਤੇ ਲਾਹੌਰ ਦੀ
ਵੈਰੀ ਦੇ ਲਹੂ 'ਚ ਡੁੱਬੀ ਗੜ੍ਹੀ ਚਮਕੌਰ ਦੀ
ਅਜੀਤ ਤੇ ਜੁਝਾਰ ਦੀਆਂ ਲਾਸ਼ਾਂ ਲੰਘ ਆਏ ਗੁਰੂ
ਸਿਰਾਂ ਤੇ ਪਿਆਰ ਵੀ ਨਾ ਦਿੱਤਾ ਗਿਆ ਹਾਏ!
ਤੇਰੇ ਬਲੀਦਾਨ ਦਾ ਹਿਸਾਬ ਕੌਣ ਲਾਏ...

ਹਿੰਦ ਵਿਚ ਬਾਤ ਚੱਲੀ ਸਿੱਖੀ ਦੇ ਮਹੱਲ ਦੀ
ਅਗੇ ਨੀ ਕਹਾਣੀ ਦਸਮੇਸ਼ ਜੀ ਤੋਂ ਚਲਦੀ
ਪਿਤਾ ਭਾਵੇਂ ਕਿੰਨਾ ਵੀ ਕਠੋਰ ਹੋਵੇ ਹਾਏ ਰੱਬਾ!
ਨੀਹਾਂ ਵਿਚ ਲਾਲ ਨਹੀਂਓ ਕਿਸੇ ਨੇ ਚਿਣਾਏ
ਤੇਰੇ ਬਲੀਦਾਨ ਦਾ ਹਿਸਾਬ ਕੌਣ ਲਾਏ...

ਖਾਲਸਾ ਹੈ ਸੂਰਬੀਰ ਖਾਲਸਾ ਮਹਾਨ ਹੈ
ਦੇਸਾਂ ਤੇ ਬਦੇਸਾਂ ਵਿਚ ਖਾਲਸੇ ਦੀ ਸ਼ਾਨ ਹੈ
ਸਫ਼ਰੀ ਹਜ਼ਾਰਾਂ ਵਿਚ ਖਾਲਸਾ ਖਲੋਤਾ ਹੋਵੇ
ਖਾਲਸਾ ਪਛਾਣਿਆਂ ਹੀ ਜਾਏ
ਤੇਰੇ ਬਲੀਦਾਨ ਦਾ ਹਿਸਾਬ ਕੌਣ ਲਾਏ...

*****

25

ਮੇਰੇ ਦਿਲ ਉੱਤੇ ੧ਓ ਲਿਖ ਦੇ

ਮੇਰੇ ਦਿਲ ਉੱਤੇ ਇਕ ਓਂਕਾਰ ਲਿਖ ਦੇ
ਗੁਰੂ ਨੰਾਨਕ ਪਿਆਰਾ ਨਿਰੰਕਾਰ ਲਿਖ ਦੇ
ਜੇ ਤੂੰ ਲਿਖਣਾ ਲਿਖਾਰੀਆ ਤਾਂ ਛੇਤੀ ਛੇਤੀ ਲਿਖ
ਮੇਰਾ ਗੁਰਾਂ ਨਾਲ ਹੋ ਗਿਆ ਪਿਆਰ ਲਿਖ ਦੇ।

ਪੱਤੇ ਪੱਤੇ ਵਿਚੋਂ ਜ਼ਾਹਰ ਓਸੇ ਦਾ ਜ਼ਹੂਰ ਹੈ
ਉਹਦੇ ਨੂਰ ਨਾਲ ਸਾਰਾ ਜੱਗ ਨੂਰੋ ਨੂਰ ਹੈ
ਮੇਰੇ ਸੀਨੇ ਵਿਚ ਵੱਸਦਾ ਏ ਸ਼ਹਿਰ ਨਨਕਾਣਾ
ਮੇਰੇ ਨੈਣਾਂ ਵਿਚ ਨਾਮ ਦਾ ਖ਼ੁਮਾਰ ਲਿਖ ਦੇ
ਮੇਰੇ ਦਿਲ ਉੱਤੇ ਇਕ ਓਂਕਾਰ ਲਿਖ ਦੇ।

ਕਿਉਂ ਨਾ ਪਟਨੇ ਸ਼ਹਿਰ ਤੋਂ ਮੈਂ ਬਲ ਬਲ ਜਾਵਾਂ
ਓਥੇ ਗੁਜਰੀ ਦੇ ਚੰਨ ਦੀਆਂ ਪੈਂਦੀਆਂ ਸ਼ੁਆਵਾਂ
ਜੇ ਮੈਂ ਮਰਾਂ ਤਾਂ ਮੈਂ ਗੁਰੂ ਦੀ ਦਲ੍ਹੀਜ ਉੱਤੇ ਮਰਾਂ
ਵਾਰ ਵਾਰ ਲਿਖ ਦੇ, ਵਾਰ ਵਾਰ ਲਿਖ ਦੇ
ਮੇਰੇ ਦਿਲ ਉੱਤੇ ਇਕ ਓਂਕਾਰ ਲਿਖ ਦੇ।

ਕਿੰਨਾ ਸਿੱਖ ਇਤਿਹਾਸ ਬੇਮਿਸਾਲ ਤੱਕਿਆ
ਬਿਰਧ ਦਾਦੀ ਦਾ ਦੁਖਾਂ 'ਚ ਵਾਲ ਵਾਲ ਤੱਕਿਆ
ਫਤਿਹ ਸਿੰਘ ਜ਼ੋਰਾਵਰ ਵਿਚ ਕੰਧ ਦੇ ਚਿਣਾਏ
ਜੂਝੇ ਜੰਗ 'ਚ ਅਜੀਤ ਤੇ ਜੁਝਾਰ ਲਿਖ ਦੇ
ਮੇਰੇ ਦਿਲ ਉੱਤੇ ਇਕ ਓਂਕਾਰ ਲਿਖ ਦੇ।

ਉੱਚੀ ਟਿਬੀਓਂ ਮੈਦਾਨ ਵਿਚ ਬਾਜਾਂ ਵਾਲੇ ਆਏ
ਮਸਾਂ ਸਫ਼ਰੀ ਜੀ ਹੋਠ ਮਹਾਂ ਸਿੰਘ ਨੇ ਹਿਲਾਏ
ਤੇਰਾ ਪਾੜਿਆ ਬੇਦਾਵਾ ਤੈਨੂੰ ਮਾਫ਼ ਕੀਤਾ ਸਿੰਘਾ
ਇਹ ਵੀ ਪਾਤਸ਼ਾਹ ਮੱਥੇ ਤੇ ਜਾਂਦੀ ਵਾਰ ਲਿਖ ਦੇ
ਮੇਰੇ ਦਿਲ ਉੱਤੇ ਇਕ ਓਂਕਾਰ ਲਿਖ ਦੇ।

*****

ਮਾਛੀਵਾੜਾ

ਸੁਤੈਂ ਮਾਛੀਵਾੜੇ ਸੱਥਰ ਵਛਾਈ
ਕਲਗੀਆਂ ਵਾਲੜਿਆ!
ਤੈਨੂੰ ਨੀਂਦ ਕਿਵੇਂ ਕੰਡਿਆਂ ਤੇ ਆਈ
ਕਲਗੀਆਂ ਵਾਲੜਿਆ!

ਸੂਲਾਂ ਉੱਤੇ ਸੁੱਤਾ ਮਾਹੀ
ਢਾਲ ਦਾ ਸਰ੍ਹਾਣਾ ਏ
ਪੰਧ ਨੇ ਲੰਬੇਰੇ
ਇਹਨੇ ਬੜੀ ਦੂਰ ਜਾਣਾ ਏ
ਗਿਉਂ ਦੁਖਾਂ ਦੀਆਂ ਮੰਜ਼ਲਾਂ ਮੁਕਾਈ
ਕਲਗੀਆਂ ਵਾਲੜਿਆ!

ਬਾਜ਼ ਤੇਰਾ ਕਿੱਥੇ ਹੈ ਤੇ
ਨੀਲਾ ਘੋੜਾ ਕਿੱਥੇ ਹੈ
ਨਿੱਕਾ ਜੋੜਾ ਕਿੱਥੇ ਹੈ ਤੇ
ਵੱਡਾ ਜੋੜਾ ਕਿੱਥੇ ਹੈ
ਕੌਣ ਪੁੱਤਰਾਂ ਦੀ ਝਲਦਾ ਜੁਦਾਈ
ਕਲਗੀਆਂ ਵਾਲੜਿਆ!

ਖੁਲ੍ਹ ਨਾ ਹਵਾਏ, ਇਹਦੀ
ਅੱਖ ਖੁਲ੍ਹ ਜਾਏਗੀ
ਵੈਰੀਆਂ ਦੀ ਫੌਜ ਤੇ
ਹਨੇਰੀ ਝੁੱਲ ਜਾਏਗੀ
ਜਾਂਦੀ ਖੀਰੇ ਵਾਂਗੂ ਜ਼ਾਲਮਾਂ ਨੂੰ ਖਾਈ
ਕਲਗੀਆਂ ਵਾਲੜਿਆ!

ਸਫ਼ਰੀ ਬਨਾਂ ਦੇ ਕੰਡੇ
ਪੈਰੀਂ ਨਹੀਉਂ ਚੁਭਦੇ
ਦਿੱਤਾ ਸੀ ਬੇਦਾਵਾ ਜਿਹਨਾਂ
ਸੂਲਾਂ ਵਾਂਗੂੰ ਚੁਭਦੇ
ਟੁੱਟੀ ਮਾਤਾ ਭਾਗੋ ਗੰਢ ਕੇ ਵਖਾਈ
ਕਲਗੀਆਂ ਵਾਲੜਿਆ!

*****

ਧੰਨ ਧੰਨ ਮਾਂ ਗੁਜਰੀ

ਧੰਨ ਧੰਨ ਮਾਂ ਗੁਜਰੀ
ਜਿਹਦਾ ਰੱਬ ਦੇ ਬਰੋਬਰ ਨਾਂ
ਗੁਜਰੀ ਮਾਂ ਵਰਗੀ
ਕੋਈ ਹੋਰ ਨੀ ਜਗਤ ਉੱਤੇ ਮਾਂ।

ਹਿੱਕ ਤੋੜੀ ਕੰਧ ਪੁੱਜ ਗਈ
ਜ਼ੋਰਾਵਰ ਨੂੰ ਫਤਿਹ ਸਿੰਘ ਕਹਿੰਦਾ
ਵੀਰਾ! ਮੈਂ ਤਾਂ ਲੁੱਕ ਚਲਿਆਂ
ਤੇਰਾ ਕਿਨਾ ਕੁ ਬਕਾਇਆ ਪੰਧ ਰਹਿੰਦਾ
ਮੁੱਲ ਕਰ ਉਹਦਾ ਗੀਰੂਆ
ਜਿਹੜੀ ਇੱਟਾਂ 'ਚ ਦੁਆਈ ਸਾਨੂੰ ਥਾਂ
ਧੰਨ ਧੰਨ ਮਾਂ ਗੁਜਰੀ।...

ਰੋਟੀ ਆਈ ਕੋਤਵਾਲ ਤੋਂ
ਫਤਿਹ ਸਿੰਘ ਨੇ ਵਗਾਹ ਕੇ ਪਰਾਂ ਮਾਰੀ
ਕਿਲ੍ਹੇ ਵਿਚ ਭਾਵੇਂ ਕੈਦ ਆਂ
ਅਸੀਂ ਅੰਨ ਨੀਂ ਛਕਾਂਗੇ ਸਰਕਾਰੀ
ਪਾਪੀਆਂ ਦਾ ਅੰਨ ਖਾਣ ਨੂੰ
ਖੜ੍ਹੇ ਕੰਧ ਤੇ ਬਥੇਰੇ ਭੁੱਖੇ ਕਾਂ।
ਧੰਨ ਧੰਨ ਮਾਂ ਗੁਜਰੀ।...

ਗੁਜਰੀ ਰੱਤ ਵੰਡਦੀ
ਚੁੱਕ ਜਿਨੀ ਕੁ ਬ੍ਰਾਹਮਣਾਂ ਤੂੰ ਲੋੜਦੈਂ
ਮਾਰ ਘੋਟਣਾ ਮੰਨੂੰ ਦੀ ਭੰਨ ਖੋਪਰੀ
ਹੱਥ ਕਾਸਨੂੰ ਕਿਸੇ ਦੇ ਅੱਗੇ ਜੋੜਦੈਂ

ਮਾਲਾ ਛੱਡ ਦੇ ਭਰਾਵਾ! ਤੇਗ਼ ਪਹਿਨ ਲੈ
ਤੂੰ ਵੀ ਹਿੰਦ 'ਚ ਸੁਖਾਲਾ ਰਹਿਣਾ ਤਾਂ।
ਧੰਨ ਧੰਨ ਮਾਂ ਗੁਜਰੀ।...

ਝੁੰਡ ਕਸ਼ਮੀਰੀਆਂ ਦਾ, ਹੈਸੀ
ਪਿਟਦਾ ਅਨੰਦਪੁਰ ਆਇਆ
ਪਾਤਸ਼ਾਹ ਨੌਂਵੇਂ ਸਫ਼ਰੀ
ਜਾ ਕੇ ਦਿੱਲੀ ਵਿਚ ਸੀਸ ਕਟਾਇਆ।
ਤੇਗ਼ ਬਹਾਦਰ ਜੀ ਸਾਡੇ
ਸੀਸ ਤੇ ਰਹੇਗੀ ਸਦਾ ਛਾਂ।
ਧੰਨ ਧੰਨ ਮਾਂ ਗੁਜਰੀ।...

*****

28

ਖਾਲਸੇ ਦਾ ਰੱਥ ਚਲਦਾ

ਰੱਥ ਦਸਵੇਂ ਗੁਰੂ ਦਾ ਵਰੋਸਾਇਆ
ਛਿਛੜੇ ਉੱਡ ਜਾਣਗੇ
ਇਹਦੇ ਪਹੀਆਂ ਨੂੰ
ਜਿਹਨੇ ਵੀ ਹੱਥ ਪਾਇਆ।

ਰੱਥ ਉੱਤੇ ਮਾਂ ਗੁਜਰੀ
ਸਾਹਿਬਜ਼ਾਦੇ ਵੀ ਬਿਰਾਜਮਾਨ ਚਾਰੇ
ਤੇਗਾਂ ਨਾਲ ਸਜ ਵੱਜ ਕੇ
ਸਿੱਖ ਕੌਮ ਦੇ ਸ਼ਹੀਦ ਬੈਠੇ ਸਾਰੇ
ਕਾਢੇ ਵਾਂਗੂੰ ਜਾਊ ਮਿਧਿਆ
ਵੈਰੀ ਜਾਣ ਕੇ ਅਗਾੜੀ ਜਿਹੜਾ ਆਇਆ।

ਇਹ ਰੱਥ ਰੋਕਣ ਨੂੰ
ਬਾਈ ਧਾਰੀਆਂ ਬੜੀ ਟਿੱਲ ਲਾਈ
ਭੀਮ ਚੰਦ ਮਾਰਿਆ ਗਿਆ
ਹੱਡੀ ਪਸਲੀ ਨਜ਼ਰ ਨਾ ਆਈ
ਖਾਲਸੇ ਦੀ ਤੇਗ ਚਮਕੀ
ਲੱਖਾਂ ਵੈਰੀਆਂ ਦਾ ਹੋ ਗਿਆ ਸਫ਼ਾਇਆ।

ਸਾਗਰਾਂ ਨੂੰ ਜਾਵੇ ਚੀਰਦਾ
ਰੱਥ ਮਿੱਧਦਾ ਪਰਬਤਾਂ ਨੂੰ ਜਾਵੇ
ਘੁਣ ਵਾਂਗੂੰ ਪਿੱਸ ਜਾਊਗੀ
ਇਹਦੇ ਮੌਤ ਨਾ ਅਗਾੜੀ ਕਿਤੇ ਆਵੇ
ਅੰਬਰਾਂ ਤੋਂ ਆਇਆ ਉੱਡਦਾ
ਆ ਕੇ ਧੌਲ ਦੇ ਸਿੰਙਾਂ ਨੂੰ ਹੱਥ ਲਾਇਆ।

ਸਬਕ ਸ਼ਹੀਦੀ ਦਾ ਹੈ ਸਫਰੀ
ਕਠਨ ਬੜਾ ਪੜ੍ਹਨਾ
ਰੱਥ ਉੱਤੇ ਜਿਹੜਾ ਚੜ੍ਹਿਆ
ਉਹਨੂੰ ਪਏਗਾ ਚਰਖੜੀ ਤੇ ਚੜ੍ਹਨਾ
ਇਹ ਰੱਥ ਗੁਰੂਆਂ ਦਾ
ਇਹਨੂੰ ਗੁਰੂਆਂ ਨੇ ਆਪ ਚਲਾਇਆ।

*****

ਬੰਦਾ ਸਿੰਘ ਦੀ ਵਾਰ

ਚੜ੍ਹਿਆ ਜੰਗ ਨੂੰ ਬੰਦਾ ਸਿੰਘ ਸੂਰਮਾ
ਲਈ ਆਗਿਆ ਗੁਰਾਂ ਦੇ ਕੋਲੋਂ ਪਾ।

ਉਹਨਾਂ ਪ੍ਰਥਮ ਭਗੌਤੀ ਸਿਮਰ ਕੇ
ਲਿਆ ਪਿਤਾ ਦਸਮੇਸ਼ ਨੂੰ ਧਿਆ।

ਸਿੰਘ ਸ਼ਹਿਰ ਸਰਹੰਦ ਉਤੇ ਟੁੱਟ ਪਏ
ਦਿੱਤੀ ਇੱਟ ਨਾਲ ਇੱਟ ਖੜਕਾ।

ਜਿਨ੍ਹਾਂ ਵਿਚ ਸੀ ਵਜ਼ੀਰ ਖਾਂ ਦੇ ਮੱਦਤੀ
ਸਿੰਘ ਘੁੱਸ ਗਏ ਉਨ੍ਹਾਂ ਦੇ ਵਿਚ ਜਾ।

ਉਨ੍ਹਾਂ ਧੂੰਆਂ ਕੱਢ ਦਿੱਤਾ ਸਾਰੇ ਸ਼ਹਿਰ ਦਾ
ਦਿੱਤੀ ਅੱਗ ਸੀ ਅਟਾਰੀਆਂ ਨੂੰ ਲਾ।

ਕਹਿੰਦੇ ਆ ਓ ਮਾਸੂਮਾਂ ਦਿਆ ਕਾਤਲਾ
ਸਾਡੇ ਇਕ ਵਾਰੀ ਸਾਹਮਣੇ ਤਾਂ ਆ।

ਤੂੰ ਬੰਦਿਆਂ ਨੂੰ ਬੰਦੇ ਨੀ ਸਮਝਿਆ
ਤੈਨੂੰ ਦੇਈਏ ਪੁੱਤ ਬੰਦੇ ਦਾ ਬਣਾ।

ਤੈਨੂੰ ਕਿਹਾ ਸੀ ਤੂੰ ਬਾਜ਼ ਆ ਜਾ ਸੂਬਿਆ
ਐਨੀ ਅੱਤ ਨਾ ਜਗਤ ਉਤੇ ਢਾ।

ਨੰਨ੍ਹੇ ਪੋਤਰੇ ਚਿਣਾ ਕੇ ਵਿਚ ਕੰਧ ਦੇ
ਨਾ ਤੂੰ ਦਾਦੀ ਦੇ ਕਲੇਜੇ ਹੱਥ ਪਾ।

ਤੈਨੂੰ ਰੋਗ ਲੱਗਾ ਮਜ਼ਬੀ ਜਨੂੰਨ ਦਾ
ਤੈਨੂੰ ਦੇਈਏ ਤੇਰੇ ਰੋਗ ਦੀ ਦਵਾ।

ਸਿੰਘਾਂ ਪਕੜ ਕੇ ਵਜ਼ੀਰ ਖਾਂ ਨੂੰ ਗਿੱਚੀਓਂ
ਦਿੱਤਾ ਪੈਰ ਨਾਲ ਹਾਥੀ ਦੇ ਬੰਨ੍ਹਾ।

ਉਹਨੂੰ ਸ਼ਹਿਰ ਸਰਹੰਦ ਵਿਚ ਫੇਰਿਆ
ਕੀਤੀ ਆਪਣੀ ਦੀ ਪਾਈ ਸੂ ਸਜ਼ਾ।
ਖੀਰ ਸਾਰ ਦੇ ਖੰਡੇ ਦੇ ਉੱਤੇ ਰੱਖ ਕੇ
ਦ੍ਿੱਤੀ ਚੰਗੀ ਤਰ੍ਹਾਂ ਗੰਗੂ ਨੂੰ ਖੁਆ।
ਤੇ ਸਮਾਣੇ ਦੇ ਜੱਲਾਦਾਂ ਨੂੰ ਵੀ ਸੋਧਿਆ
ਦਿੱਤੀ ਨਾਨੀ ਯਾਦ ਉਨ੍ਹਾਂ ਨੂੰ ਕਰਾ।
ਤੀਰ ਬਖ਼ਸ਼ੇ ਸੀ ਪੰਜ ਦਸਮੇਸ਼ ਨੇ
ਦਿੱਤੇ ਸਫ਼ਰੀ ਵੈਰੀ ਦੇ ਲੇਖੇ ਲਾ।

*****

30

ਮੋਤੀ ਮਹਿਰਾ

ਧੰਨ ਹੈਂ ਤੂੰ ਮੋਤੀ ਮਹਿਰਿਆ
ਕਿਵੇਂ ਜਾਨ ਨੂੰ ਦੁਖਾਂ ਦੇ ਵਿਚ ਪਾਇਆ
ਕਿਲ੍ਹੇ ਦੀ ਦੀਵਾਰ ਫੰਧ ਕੇ
ਦੁੱਧ ਗੁਰੂ ਜੀ ਦੇ ਲਾਲਾਂ ਨੂੰ ਪਿਆਇਆ।

ਦੁੱਧ ਆਂਦਾ ਕੰਧ ਟੱਪ ਕੇ
ਭੁੱਖ ਲਾਲਾਂ ਦੀ ਤੈਨੂੰ ਸੀ ਖਿੱਚ ਪਾਉਂਦੀ
ਡਿੱਗ ਪੈਂਦਾ ਕੰਧ ਉਪਰੋਂ
ਹੱਡੀ ਪਸਲੀ ਨਜ਼ਰ ਨਾ ਆਉਂਦੀ
ਮੱਥਾ ਤੇਰਾ ਚਮਕ ਰਿਹਾ
ਕਿੱਦਾਂ ਮੌਤ ਦੇ ਮੱਥੇ ਨੂੰ ਹੱਥ ਲਾਇਆ
ਧਨ ਹੈਂ ਤੂੰ ਮੋਤੀ ਮਹਿਰਿਆ...

ਫਤਿਹ ਸਿੰਘ ਜ਼ੋਰਾਵਰ ਸਿੰਘ
ਉੱਚੀ ਬੋਲ ਕੇ ਕਿਲ੍ਹੇ ਦੇ ਵਿਚੋਂ ਕਹਿੰਦੇ
ਏਥੋਂ ਦੀ ਨਾ ਲੰਘੋ ਹਾਕਮੋਂ
ਏਥੇ ਸ਼ੇਰ ਦੇ ਬੱਚੇ ਦੋ ਰਹਿੰਦੇ
ਬਿਨਾਂ ਆਈ ਜਾਊ ਮਾਰਿਆ
ਪਾਪੀ ਕੰਧ ਦੇ ਨਜ਼ੀਕ ਜਿਹੜਾ ਆਇਆ
ਧੰਨ ਹੈਂ ਤੂੰ ਮੋਤੀ ਮਹਿਰਿਆ...

ਪਿਆਰ ਨਾਲ ਮਾਂ ਗੁਜਰੀ
ਮਾਹੀ ਮਹਿਰੇ ਨੂੰ ਕੋਲ ਬਿਠਲਾਇਆ
ਸੌ ਸੌ ਅਸੀਸਾਂ ਦਿੱਤੀਆਂ
ਮੁਖੋਂ ਬੋਲ ਕੇ ਇਉਂ ਫਰਮਾਇਆ

ਕੌਮ ਨੂੰ ਨੀ ਕਦੇ ਭੁਲਣਾ
ਜਿਹੜਾ ਪਰਉਪਕਾਰ ਤੂੰ ਕਮਾਇਆ
ਧੰਨ ਹੈਂ ਤੂੰ ਮੋਤੀ ਮਹਿਰਿਆ...

ਸਫਰੀ ਮਾਂ ਗੁਜਰੀ,
ਕਰ ਸਾਰਿਆਂ ਦੁਖਾਂ ਦਾ ਹੱਲ ਗੁਜਰੀ
ਜਿਹੜੀ ਆਂਈ ਉਹਦੇ ਸਿਰ ਤੇ
ਉਹ ਹੱਸ ਕੇ ਗਈ ਝੱਲ ਗੁਜਰੀ
ਜੋੜਾ ਜੋੜਾ ਪੋਤਿਆਂ ਦਾ
ਉਹਨੇ ਹੱਸ ਕੇ ਸ਼ਹੀਦ ਕਰਾਇਆ
ਧੰਨ ਹੈਂ ਤੂੰ ਮੋਤੀ ਮਹਿਰਿਆ...

*****

31

ਮਤੀ ਦਾਸ

ਦਿੱਲੀ ਦੇ ਜੱਲਾਦ ਖੂਨੀ ਹੋ ਕੇ ਤਯਾਰ ਆਏ
ਹੱਥਾਂ ਵਿਚ ਆਰਾ ਤੇ ਕਰੀਂਦੇ ਮਾਰੋ-ਮਾਰ ਆਏ
ਦੇਖ ਮਤੀ ਦਾਸਾ ਤੇਰੇ ਕਿਨੇ ਸੋਹਣੇ ਯਾਰ ਆਏ।

ਖਿੱਚਦਾ ਜੱਲਾਦ ਆਰਾ ਗੁੰਮ ਜਿਹਾ ਹੋ ਗਿਆ
ਆਰਾ ਜਾ ਕੇ ਮਤੀ ਜੀ ਦੇ ਦਿਲ ਤੇ ਖਲੋ ਗਿਆ
ਲਹੂ-ਭਿੱਜੇ ਦਿਲ 'ਚੋਂ ਆਵਾਜ਼ ਵਾਰ ਵਾਰ ਆਏ
ਦੇਖ ਮਤੀ ਦਾਸਾ ਤੇਰੇ.....।

ਮਤੀ ਦਾਸ! ਰੂਈ ਵਿਚ ਕਿੰਦਾ ਸੜੀ ਜਾਨਾ ਏਂ
ਮੌਤ ਝੜੀ ਜਾਂਦੀ ਹੈ ਕਿ ਤੂੰ ਝੜੀ ਜਾਨਾ ਏਂ
ਮੁਕਦੀ ਕਹਾਣੀ ਨਹੀਉਂ ਕਿੱਦਾਂ ਇਹਤਵਾਰ ਆਏ
ਦੇਖ ਮਤੀ ਦਾਸਾ ਤੇਰੇ.....।

ਕਿੰਨਾ ਕੁ ਦਿਆਲੇ ਤੇਰੇ ਵਿਚ ਸਾਹ ਸੱਤ ਹੈ
ਦੇਗੇ ਵਿਚ ਪਾਣੀ ਹੈ ਕਿ ਬੀਬਾ! ਤੇਰੀ ਰੱਤ ਹੈ
ਕਿਸੇ ਤਰ੍ਹਾਂ ਆਏ ਸਾਡੇ ਬਾਗਾਂ 'ਚ ਬਹਾਰ ਆਏ
ਦੇਖ ਮਤੀ ਦਾਸਾ ਤੇਰੇ.....।

ਜ਼ਿੰਦਗੀ ਧਰਮ ਉਤੋਂ ਕਿਨੇ ਹੀ ਘੁਮਾ ਗਏ
ਸ਼ਹੀਦੀ ਨਾਵੇਂ ਪਾਤਸ਼ਾਹ ਵੀ ਖਿੜੇ ਮੱਥੇ ਪਾ ਗਏ
ਦੇਵਤੇ ਆਕਾਸ਼ੋਂ ਲੈ ਕੇ ਹੀਰਿਆਂ ਦੇ ਹਾਰ ਆਏ
ਦੇਖ ਮਤੀ ਦਾਸਾ ਤੇਰੇ.....।

*****

32

ਰੁੜ੍ਹੀ ਜਾਂਦੀ ਹਿੰਦ ਰੱਖ ਲਈ

ਬਲੀਦਾਨ ਦਾ ਗੁਰਾਂ ਨੇ ਚੱਪੂ ਲਾਇਆ
ਰੁੜ੍ਹੀ ਜਾਂਦੀ ਹਿੰਦ ਰੱਖ ਲਈ
ਕੀਤਾ ਜ਼ਾਲਮਾਂ ਦਾ ਹਿੰਦ ਚੋਂ ਸਫਾਇਆ
ਰੁੜ੍ਹੀ ਜਾਂਦੀ ਹਿੰਦ ਰੱਖ ਲਈ।

ਬ੍ਰਾਹਮਣ ਕਹਾਉਂਦੇ ਦੁਖੀ ਲੋਕ ਕਸ਼ਮੀਰ ਦੇ
ਨਾਵੇਂ ਪਿਤਾ ਕੋਲ ਆਏ ਛਾਤੀਆਂ ਨੂੰ ਚੀਰਦੇ
ਪਿਤਾ ਨੂੰ ਸ਼ਹੀਦੀ ਦੇਣ ਘੱਲਿਆ ਗੋਬਿੰਦ ਰਾਏ
ਕਿਡਾ ਵੱਡਾ ਹਉਸਲਾ ਦਿਖਾਇਆ
ਰੁੜ੍ਹੀ ਜਾਂਦੀ ਹਿੰਦ ਰੱਖ ਲਈ
ਬਲੀਦਾਨ ਦਾ ਗੁਰਾਂ ਨੇ ਚੱਪੂ ਲਾਇਆ।

ਸੀਨੇ ਵਿਚ ਖਿੱਚ ਹੈਸੀ ਦੇਸ਼ ਦੇ ਪਿਆਰ ਦੀ
ਰੱਤ ਵਾਰ ਦਿੱਤੀ ਗੁਰਾਂ ਸਾਰੇ ਪਰਵਾਰ ਦੀ
ਇੱਕ ਜੋੜਾ ਕੰਧ ਵਿਚ ਵੱਡਾ ਜੋੜਾ ਜੰਗ ਵਿਚ
ਦਾਦੀ ਨੇ ਸ਼ਹੀਦ ਕਰਵਾਇਆ
ਰੁੜ੍ਹੀ ਜਾਂਦੀ ਹਿੰਦ ਰੱਖ ਲਈ
ਬਲੀਦਾਨ ਦਾ ਗੁਰਾਂ ਨੇ ਚੱਪੂ ਲਾਇਆ।

ਜ਼ਖਮੀ ਗੁਰਾਂ ਦੇ ਪੱਬ ਗੋਲ ਗੋਲ ਪਿੰਨੀਆਂ
ਮਾਛੀਵਾੜੇ ਛੰਭ ਦਿਆਂ ਕੰਡਿਆਂ ਨੇ ਵਿੰਨ੍ਹੀਆਂ
ਸੂਲ ਜਦੋਂ ਉਠਿਆ ਕਲੇਜੇ ਦੁਖੀ ਹਿੰਦੀਆਂ ਦੇ
ਬੜਾ ਖ਼ੂਨ ਸੂਲਾਂ ਨੂੰ ਪਿਲਾਇਆ
ਰੁੜ੍ਹੀ ਜਾਂਦੀ ਹਿੰਦ ਰੱਖ ਲਈ
ਬਲੀਦਾਨ ਦਾ ਗੁਰਾਂ ਨੇ ਚੱਪੂ ਲਾਇਆ।

ਖੰਡੇ ਦੀ ਪਿਲਾ ਕੇ ਪਹੁਲ ਗੁਰਾਂ ਬੰਦੇ ਬੀਰ ਨੂੰ
ਇੱਟ ਇੱਟ ਕੀਤੀ ਸਰਹੰਦ ਦੀ ਅਖੀਰ ਨੂੰ
ਗੰਗੂ ਨੂੰ ਵੀ ਸੋਧਿਆ ਵਜ਼ੀਦੇ ਨੂੰ ਵੀ ਸੂਤ ਕੀਤਾ
ਵੈਰੀਆਂ ਨੂੰ ਸਬਕ ਸਿਖਾਇਆ।
ਰੁੜ੍ਹੀ ਜਾਂਦੀ ਹਿੰਦ ਰੱਖ ਲਈ
ਬਲੀਦਾਨ ਦਾ ਗੁਰਾਂ ਨੇ ਚੱਪੂ ਲਾਇਆ।

*****

33

ਬਾਜਾਂ ਵਾਲਾ ਔਹ ਚਲਿਆ

ਤਾੜੀ ਜ਼ੋਰ ਦੀ ਹੱਥਾਂ ਦੇ ਨਾਲ ਲਾ ਕੇ
ਰਾਤੀਂ ਭਾਜੜਾਂ ਦੁਸ਼ਮਣਾਂ ਨੂੰ ਪਾ ਕੇ
ਬਾਜਾਂ ਵਾਲਾ ਔਹ ਚਲਿਆ
ਤਾੜੀ ਜ਼ੋਰ ਦੀ ਹੱਥਾਂ....

ਕਿੰਨੀ ਔਖੀ ਘੜੀ ਦਸਮੇਸ਼ ਜੀ ਤੇ ਆਈ ਏ
ਤਾਂ ਵੀ ਉਹਦੇ ਮੁੱਖ ਤੇ ਅਜੀਬ ਰੁਸ਼ਨਾਈ ਏ
ਖ਼ੂਨੀ ਜੰਗ ਚਮਕੌਰ ਦੀ ਮੁਕਾ ਕੇ
ਪੰਥ ਖਾਲਸੇ ਦਾ ਹੁਕਮ ਵਜਾ ਕੇ
ਬਾਜਾਂ ਵਾਲਾ ਔਹ ਚਲਿਆ
ਤਾੜੀ ਜ਼ੋਰ ਦੀ ਹੱਥਾਂ...

ਲਾਸ਼ਾਂ ਵਿਚੀਂ ਹਾਏ! ਪਿਆ ਲੰਘਣਾ ਦਾਤਾਰ ਨੂੰ
ਲਹੂ 'ਚ ਗੜੁਚ ਪਿਆ ਦੇਖਿਆ ਜੁਝਾਰ ਨੂੰ
ਪੈਰ ਲਾਡਲੇ ਤੋਂ ਆਪਣਾ ਛੁਡਾ ਕੇ
ਦਿਲੋਂ ਪੁੱਤਰਾਂ ਦਾ ਮੋਹ ਵੀ ਭੁਲਾ ਕੇ
ਬਾਜਾਂ ਵਾਲਾ ਔਹ ਚਲਿਆ
ਤਾੜੀ ਜ਼ੋਰ ਦੀ ਹੱਥਾਂ...

ਦਸ ਲੱਖ ਵੈਰੀ ਅੱਗੇ ਚਾਲੀ ਸਿੰਘ ਸੂਰਮੇ
ਤੇਗਾਂ ਨੇ ਬਣਾਏ ਦੇਖੋ ਵੈਰੀਆਂ ਦੇ ਚੂਰਮੇ
ਸਿੰਘ ਕੱਲਾ ਕੱਲਾ ਲੱਖ ਨਾਲ ਲੜਾ ਕੇ
ਸੋਹਲ ਚਿੜੀਆਂ ਤੋਂ ਬਾਜਾਂ ਨੂੰ ਤੁੜਾ ਕੇ
ਬਾਜਾਂ ਵਾਲਾ ਔਹ ਚਲਿਆ
ਤਾੜੀ ਜ਼ੋਰ ਦੀ ਹੱਥਾਂ...

ਈਨ ਮੰਨੀ ਸਫ਼ਰੀ ਮੁਗ਼ਲ ਸਰਕਾਰ ਨੇ
ਲੱਖਾਂ ਵੈਰੀ ਝਟਕੇ ਅਜੀਤ ਤੇ ਜੁਝਾਰ ਨੇ
ਵੈਰੀ ਦਲ ਦੇ ਲਹੂ ਦੇ ਵਿਚ ਨ੍ਹਾ ਕੇ
ਫਤਿਹ ਖਾਲਸੇ ਨੂੰ ਮੁੱਖ ਤੋਂ ਬੁਲਾ ਕੇ
ਬਾਜਾਂ ਵਾਲਾ ਔਹ ਚਲਿਆ
ਤਾੜੀ ਜ਼ੋਰ ਦੀ ਹੱਥਾਂ...

*****

ਘਸੁੰਨ ਖਾ ਕੇ ਜਾਏਗਾ

ਖਾਲਸਾ ਨਾ ਹੱਥ ਪਹਿਲਾਂ ਕਿਸੇ ਤੇ ਉਠਾਏਗਾ
ਡਰੇਗਾ ਨਾ ਕਿਸੇ ਤੋਂ ਨਾ ਕਿਸੇ ਨੂੰ ਡਰਾਏਗਾ
ਮੁੱਕੀ ਜਿਹਨੇ ਚੁੱਕੀ ਉਹ ਘਸੁੰਨ ਖਾ ਕੇ ਜਾਏਗਾ।

ਆਂਚ ਹਰਿਮੰਦਰ ਨੂੰ ਜਿਹੜਾ ਵੀ ਪਹੁੰਚਾਏਗਾ
ਬਚ ਕੇ ਸੁਖਾਲਾ ਨਹੀਂ ਉਹ ਅਸਾਂ ਕੋਲੋਂ ਜਾਏਗਾ
ਆਪਣੇ ਕਸੂਰ ਦੀ ਉਹ ਆਪ ਸਜ਼ਾ ਪ੍ਰਾਏਗਾ
ਮੁੱਕੀ ਜਿਹਨੇ ਚੁੱਕੀ ਉਹ...

ਖਾਲਸਾ ਨਹੀਂ ਕਦੇ ਵੀ ਗ਼ਰੀਬ ਉੱਤੇ ਟੁੱਟਦਾ
ਲੁਟਦਾ ਤਾਂ ਗਜ਼ਨੀ ਦੇ ਡਾਕੂਆਂ ਨੂੰ ਲੁੱਟਦਾ
ਸਿੰਘਾਂ ਬਿਨਾਂ ਕੌਣ ਢਾਗਾਂ ਬੱਧੀਆਂ ਛੁਡਾਏਗਾ
ਮੁੱਕੀ ਜਿਹਨੇ ਚੁੱਕੀ ਉਹ...

ਖਾਲਸੇ ਦਾ ਕਿਸੇ ਨਾਲ ਵਿਰੋਧ ਹੈ ਨਾ ਵੈਰ ਹੈ
ਕਰੇਗਾ ਵਧੀਕੀ ਜਿਹੜਾ ਕਦੋਂ ਉਹਦੀ ਖੈਰ ਹੈ
ਇੱਟ ਚੁਕਦੇ ਨੂੰ ਸਿੰਘ ਪੱਥਰ ਉਠਾਏਗਾ
ਮੁੱਕੀ ਜਿਹਨੇ ਚੁੱਕੀ ਉਹ...

ਦਸਮੇਸ਼ ਪਿਤਾ ਪੰਥ ਖਾਲਸਾ ਸਜਾਇਆ ਏ
ਜਦੋਂ ਵੀ ਇਹ ਆਇਆ ਕੰਮ ਵਤਨਾਂ ਦੇ ਆਇਆ ਏ
ਸਫ਼ਰੀ ਅਖੀਰ ਕੰਮ ਵਤਨਾਂ ਦੇ ਆਏਗਾ
ਮੁੱਕੀ ਜਿਹਨੇ ਚੁੱਕੀ ਉਹ...

*****

ਸਾਕਾ ਉੱਚ ਦਾ ਪੀਰ ਸੰਨ ਈਸਵੀ 1704

(ਸਰਸਾ ਕਿਨਾਰੇ ਘਮਸਾਣ ਦੀ ਜੰਗ ਉਪਰੰਤ ਸਾਧ ਸੰਗਤ ਗੁਰੂ ਦਾ ਜਸ ਗਾਇਨ ਕਰਦੀ ਹੋਈ)

ਖੁਦ ਪਿਤਾ ਦਸਮੇਸ਼ ਨੇ ਹੱਥੀਂ ਸਜਾਇਆ ਖਾਲਸਾ
ਖੰਡੇ ਦੀ ਤਿੱਖੀ ਧਾਰ ਵਿਚੋਂ ਪ੍ਰਗਟਾਇਆ ਖਾਲਸਾ

ਯੁੱਧ ਦੇ ਮੈਦਾਨ ਵਿਚ ਤੇਗਾਂ ਚਲਾਈਆਂ ਖਾਲਸੇ
ਜ਼ਾਲਮਾਂ ਤੋਂ ਬੱਧੀਆਂ ਢੱਗਾਂ ਛੁਡਾਈਆਂ ਖਾਲਸੇ
ਦੰਦ ਤਿੱਖੇ ਸ਼ੇਰ ਵਾਂਗੂ ਦੰਦਨਾਇਆ ਖਾਲਸਾ
ਖੁਦ ਦਸਮੇਸ਼ ਪਿਤਾ ਨੇ....

ਖਾਲਸੇ ਮਹਿਮੂਦ ਗਜਨੀ ਵਰਗਿਆਂ ਨੂੰ ਲੁੱਟਿਆ
ਖਾਲਸੇ ਨੇ ਜੜ੍ਹੋਂ ਬੂਟਾ ਪਾਪ ਵਾਲਾ ਪੁੱਟਿਆ
ਜਦ ਵੀ ਆਇਆ ਵਤਨ ਦੇ ਹੀ ਕੰਮ ਆਇਆ ਖਾਲਸਾ
ਖੁਦ ਦਸਮੇਸ਼ ਪਿਤਾ ਨੇ....

ਸਾਹਿਬ ਦੇਵਾਂ ਕਿਹਾ ਕਰਨੀ ਮਿਹਰਬਾਨੀ ਚਾਹੀਦੀ
ਮੇਰੀ ਵੀ ਦਾਤਾ ਜੱਗ ਤੇ ਹੋਣੀ ਨਿਸ਼ਾਨੀ ਚਾਹੀਦੀ
ਥਾਂ ਪੁੱਤਰ ਦੀ ਗੁਰਾਂ ਨੇ ਝੋਲੀ 'ਚ ਪਾਇਆ ਖਾਲਸਾ
ਖੁਦ ਦਸਮੇਸ਼ ਪਿਤਾ ਨੇ....

ਦੇਸ਼ ਦੇ ਵਿਚ ਜਦੋਂ ਵੀ ਤੂਫਾਨ ਆਇਆ ਜ਼ੋਰ ਦਾ
ਖਾਲਸੇ ਨੇ ਹੱਥ ਨਹੀਉਂ ਛਡਿਆ ਕਮਜ਼ੋਰ ਦਾ
ਲੋੜ ਸੀ ਦਸਮੇਸ਼ ਜੀ ਨੇ ਤਾਂ ਸਜਾਇਆ ਖਾਲਸਾ
ਖੁਦ ਦਸਮੇਸ਼ ਪਿਤਾ ਨੇ....

*****

ਠਾਠਾਂ ਮਾਰਦੀ ਸਰਸਾ ਨਦੀ ਭਿਆਨਕ ਰੂਪ ਧਾਰ ਗਈ

ਸਰਸਾ ਨਦੀ ਨੂੰ ਗੁਰੂ ਜੀ ਦੇ ਸਿੰਘ ਇਉਂ ਵੰਗਾਰ ਰਹੇ ਹਨ...

ਸਰਸਾ ਨਦੀਏ! ਰਸਤਾ ਦੇ ਦੇ
ਨਾ ਕਰ ਨੀ ਤਕਰਾਰ
ਪਾਰ ਲੰਘਣ ਨੂੰ ਔਹ ਖਲੋਤੇ
ਨੀਲੇ ਸ਼ਾਹ ਅਸਵਾਰ
ਸਰਸਾ ਨਦੀਏ...

ਬੀਰ ਖਾਲਸਾ ਰੁਕ ਨੀ ਸਕਦਾ
ਚਲਦਾ ਹੋਇਆ ਵਹੀਰ
ਮਿਧਦਾ ਜਾਏ ਪਹਾੜਾਂ ਤਾਈਂ
ਨਦੀਆਂ ਜਾਵੇ ਚੀਰ
ਨਾ ਸਿੰਘਾਂ ਦੇ ਰਾਹ ਵਿਚ ਕਿਧਰੇ
ਬਣ ਕੇ ਖੜ੍ਹੀਂ ਦੀਵਾਰ
ਸਰਸਾ ਨਦੀਏ...

ਦੂਰ ਮੰਜ਼ਲ ਸਿੰਘਾਂ ਦੀ ਨਦੀਏ
ਡਾਢੇ ਦੂਰ ਟਕਾਣੇ
ਕਿਥੋਂ ਤੀਕਰ ਪਹੁੰਚ ਇਨ੍ਹਾਂ ਦੀ
ਇਹ ਪਰਮੇਸ਼ਰ ਜਾਣੇ
ਭੁੱਖ ਲੱਗੇ ਖਾ ਜਾਂਦੇ ਖੋਹ ਕੇ
ਜ਼ਾਲਮਾਂ ਦੀ ਤਲਵਾਰ
ਸਰਸਾ ਨਦੀਏ...

ਬੀਰ ਖਾਲਸੇ ਕਰਦੇ ਫਿਰਦੇ
ਹਰ ਦੁਸ਼ਮਨ ਦੀ ਭਾਲ
ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ
ਮਾਂ ਜੀਤਾਂ ਦੇ ਲਾਲ
ਫਤਿਹ ਸਿੰਘ ਜ਼ੋਰਾਵਰ ਸਿੰਘ ਤੇ
ਬੀਰ ਅਜੀਤ ਜੁਝਾਰ
ਸਰਸਾ ਨਦੀਏ...

ਗੁਰੂ ਗੋਬਿੰਦ ਸਿੰਘ ਦਾ ਦੁਨੀਆਂ
ਵਿਚ
ਕੌਣ ਦੂਸਰਾ ਸਾਨੀ
ਦਸਮ ਪਿਤਾ ਦੇ ਤੁਲ ਕਿਸੇ ਦੀ
ਹਰਗਿਜ਼ ਨਹੀਂ ਕੁਰਬਾਨੀ
ਖੋਜ ਲਿਆ ਹੈ ਨਹੁੰ ਨਹੁੰ ਸਫ਼ਰੀ
ਢੂੰਡ ਲਿਆ ਸੰਸਾਰ
ਸਰਸਾ ਨਦੀਏ...

*****

ਸਿੰਘਾਂ ਦੀ ਲਲਕਾਰ

ਸਰਸਾ ਨਦੀਏ! ਤੂੰ ਸ਼ੋਰ ਨਾ ਮਚਾ
ਖਾਲਸੇ ਨੇ ਪਾਰ ਲੰਘਣਾ
ਬੜਾ ਤੇਜ਼ ਤੇਰੇ ਪਾਣੀ ਦਾ ਵਹਾ
ਖਾਲਸੇ ਨੇ ਪਾਰ ਲੰਘਣਾ।

ਪਿਤਾ ਦਸਮੇਸ਼ ਨੀਲੇ ਘੋੜੇ ਤੇ ਸਵਾਰ ਨੇ
ਫਤਿਹ ਜ਼ੋਰਾਵਰ ਤੇ ਅਜੀਤ ਤੇ ਜੁਝਾਰ ਨੇ
ਮਾਤਾ ਗੁਜਰੀ ਦਾ ਹੁਕਮ ਵਜਾ
ਖਾਲਸੇ ਨੇ ਪਾਰ ਲੰਘਣਾ...

ਖਾਲਸਾ ਗੁਰੂ ਦਾ ਨਿਰਭੌ ਨਿਰਵੈਰ ਹੈ
ਅੱਗੇ ਜਿਹੜਾ ਆਇਆ, ਬੱਸ ਕਦੋਂ ਉਹਦੀ ਖੈਰ ਐ
ਦਊ ਵੈਰੀ ਦੀਆਂ ਫੱਕੀਆਂ ਉਡਾ
ਖਾਲਸੇ ਨੇ ਪਾਰ ਲੰਘਣਾ...

ਨਦੀਏ! ਗ਼ਰੂਰ ਕੀਤਾ ਬੜਾ ਪਛਤਾਏਂਗੀ
ਖਾਲਸੇ ਨੂੰ ਰੋੜ੍ਹਦੀ ਤੂੰ ਆਪ ਰੁੜ੍ਹ ਜਾਏਂਗੀ
ਸ਼ੂਕ ਸ਼ੂਕ ਕੇ ਨਾ ਸਿੰਘਾਂ ਨੂੰ ਡਰਾ
ਖਾਲਸੇ ਨੇ ਪਾਰ ਲੰਘਣਾ...

ਖਾਲਸਾ ਤਾਂ ਸਫ਼ਰੀ ਜੀ ਚਲਦਾ ਵਹੀਰ ਹੈ
ਜਿਹੜਾ ਸਾਨੂੰ ਰੋਕੇ ਉਹਦੀ ਮਾੜੀ ਤਕਦੀਰ ਹੈ
ਸਿੰਘ ਵੈਰੀਆਂ ਦੇ ਵਾਸਤੇ ਬਲਾ
ਖਾਲਸੇ ਨੇ ਪਾਰ ਲੰਘਣਾ...

*****

ਮਾਤਾ ਤੇ ਛੋਟੇ ਸਾਹਿਬਜ਼ਾਦੇ ਥੋੜ੍ਹੀ ਦੂਰ ਗਏ

(ਗੰਗੂ ਰਸੋਈਆ ਬੇਈਮਾਨ ਹੋ ਗਿਆ, ਸੋਨੇ ਦੀਆਂ ਮੋਹਰਾਂ ਚੁਰਾ ਲਈਆਂ
ਮਾਤਾ ਗੁਜਰੀ ਦੇ ਰੋਹ ਭਰੇ ਸੁਆਲ ਤੇ ਗੰਗੂ ਦੇ ਜਵਾਬ)

ਮਾਤਾ : ਜਿਹੜੀ ਮੋਹਰਾਂ ਵਾਲੀ ਥੈਲੀ ਤੂੰ ਚੁਰਾਈ ਗੰਗੂਆ
ਇਹ ਤੂੰ ਮਾੜਾ ਕੀਤਾ, ਇਹ ਤੂੰ ਮੰਦਾ ਕੀਤਾ।

ਗੰਗੂ : ਚੋਰੀ ਲੱਗੀ ਤਾਂ ਮੈਂ ਪਾਈ ਐ ਦੁਹਾਈ ਅੰਮੀਏ
ਇਹ ਮੈਂ ਚੰਗਾ ਕੀਤਾ, ਇਹ ਮੈਂ ਚੰਗਾ ਕੀਤਾ।

ਮਾਤਾ : ਜ਼ਰਾ ਵੀ ਨੀ ਪਾਪੀਆ ਤੂੰ ਸੋਚਿਆ ਵਿਚਾਰਿਆ
ਮਾਇਆ ਉੱਤੇ ਬੇਈਮਾਨ ਹੋ ਗਿਉਂ ਨਿਕਾਰਿਆ
ਕੀਤੀ ਗੁਰੂ ਨਾਲ ਤੂੰ ਬੇਵਫਾਈ ਗੰਗੂਆ
ਇਹ ਤੂੰ ਮੰਦਾ ਕੀਤਾ.....।

ਗੰਗੂ : ਬੜਾ ਪਛਤਾਇਆ ਥੋਨੂੰ ਨਗਰੀ ਲਿਆ ਕੇ
ਆਪਣੀ ਮੈਂ ਜਿੰਦ ਨੂੰ ਮੁਸੀਬਤ 'ਚ ਪਾ ਕੇ
ਥੋਡੀ ਜਾਨ ਮੈਂ ਤਾਂ ਚੋਰਾਂ ਤੋਂ ਬਚਾਈ ਅੰਮੀਏ
ਇਹ ਮੈਂ ਚੰਗਾ ਕੀਤਾ.....।

ਮਾਤਾ : ਗੰਗਾ ਰਾਮ ਦਸ? ਏਥੇ ਚੋਰ ਕਿਹੜਾ ਆਇਆ ਏ
ਤੂੰ ਤਾਂ ਬੁੱਢੀ ਮਾਂ ਦੇ ਕਲੇਜੇ ਹੱਥ ਪਾਇਆ ਏ
ਦਿਲ ਦਾ ਕਠੋਰ ਤੂੰ ਕਸਾਈ ਗੰਗੂਆ
ਇਹ ਤੂੰ ਮੰਦਾ ਕੀਤਾ.....।

ਗੰਗੂ : ਮੈਨੂੰ ਇਲਜ਼ਾਮ ਤੁਸੀਂ ਚੋਰੀ ਦਾ ਜੇ ਲਾਉਗੇ
ਆਪਣੀ ਕੀਤੀ ਦੀ ਸਜ਼ਾ ਆਪ ਤੁਸੀਂ ਪਾਓਗੇ
ਗੱਲ ਕੋਰੀ ਕੋਰੀ ਤੁਸਾਂ ਨੂੰ ਸੁਣਾਈ ਅੰਮੀਏ
ਇਹ ਮੈਂ ਚੰਗਾ ਕੀਤਾ.....।

ਮਾਤਾ : ਇਹ ਵੀ ਸਮਾਂ ਪਾਪੀਆ ਸਥਾਈ ਬੀਤ ਜਾਏਗਾ
ਕੋਈ ਬੰਦਾ ਸਿੰਘ ਸਾਡਾ ਤੇਰਾ ਲੈ ਕੇ ਆਏਗਾ
ਕਰੇਗਾ ਹਿਸਾਬ ਪਾਈ ਪਾਈ ਗੰਗੂਆ
ਇਹ ਤੂੰ ਮੰਦਾ ਕੀਤਾ.....।

*****

ਸਾਹਿਬਜ਼ਾਦਿਆਂ ਦੀ ਪੇਸ਼ੀ ਸੂਬੇ ਦੀ ਕਚਹਿਰੀ ਵਿਚ

ਫਤਿਹ ਸਿੰਘ ਜ਼ੋਰਾਵਰ ਮਾਤਾ ਜੀਤੋ ਜੀ ਦੇ ਜਾਏ
ਸੂਬੇ ਦੀ ਕਚਹਿਰੀ ਵਿਚ ਝੂਮ ਝੂਮ ਆਏ
ਕੇਸ ਨੀ ਕਟਾਉਣੇ ਭਾਵੇਂ ਸੀਸ ਕੱਟ ਜਾਏ।

ਮੋਤੀ ਮਹਿਰਾ ਦੁੱਧ ਲੈ ਕੇ ਕਿਲ੍ਹੇ ਵਿਚ ਆਇਆ ਸੀ
ਦੁੱਧ ਨਹੀਂਓ ਪੀਣਾ ਲਾਲਾਂ ਇਝ ਫ਼ਰਮਾਇਆ ਸੀ
ਸਾਹਿਬਜ਼ਾਦੇ ਸੂਬੇ ਤੇਰੀ ਰੱਤ ਦੇ ਤਿਹਾਏ
ਸੀਸ ਨੀ ਨਿਵਾਉਣੇ ਭਾਵੇਂ.....।

ਦਾਦੇ ਦੀ ਗੋਦੀ 'ਚ ਬੈਠੇ ਔਸੀਆਂ ਉਲੀਕਦੇ
ਵੱਡੇ ਵੀਰ ਹੋਣੇ ਛੋਟੇ ਵੀਰਾਂ ਨੂੰ ਉਡੀਕਦੇ
ਵੀਰਾਂ ਦਾ ਵਛੋੜਾ ਸਾਨੂੰ ਵੱਢ ਵੱਢ ਖਾਏ
ਸੀਸ ਨੀ ਨਿਵਾਉਣੇ ਭਾਵੇਂ.....।

ਕੰਧ 'ਚ ਚਿਣਾਉਣਾ ਸੂਬੇ ਰੱਟ ਜਿਹੜੀ ਲਾਈਐ
ਆਈ ਤੋਂ ਬਗ਼ੈਰ ਸੂਬੇ ਮੌਤ ਤੇਰੀ ਆਈ ਐ
ਹੋਵੇ ਨਾ ਔਰੰਗਜ਼ੇਬ ਇਥੋਂ ਪਛਤਾਏ
ਸੀਸ ਨੀ ਨਿਵਾਉਣੇ ਭਾਵੇਂ.....।

ਇੱਟਾਂ 'ਚ ਦਬਾਉਣਾ ਸਾਨੂੰ ਖੁਸ਼ੀ ਏਸ ਗੱਲ ਦੀ
ਨੀਂਹ ਧਰੀ ਜਾਨੈ ਸੂਬੇ ਸਿੱਖੀ ਦੇ ਮਹੱਲ ਦੀ
ਸਫ਼ਰੀ ਨਿਸ਼ਾਨ ਸਾਡਾ ਬਨਾਂ 'ਚ ਲਹਿਰਾਏ
ਸੀਸ ਨੀ ਨਿਵਾਉਣੇ ਭਾਵੇਂ.....।

*****

ਅਕਹਿ ਤੇ ਅਸਹਿ ਤਸੀਹੇ ਸਹਿੰਦੇ ਹੋਏ ਛੋਟੇ ਸਾਹਿਬਜ਼ਾਦੇ ਸ਼ਹੀਦ ਹੋ ਗਏ। ਗੁਰੂ ਸੰਗਤਾਂ ਮਹਾਨ ਮਾਤਾ ਗੁਜਰੀ ਦਾ ਜੱਸ ਗਾ ਰਹੀਆਂ ਹਨ।

ਮਾਂ ਗੁਜਰੀ ਨੂੰ ਸੀਸ ਨਿਵਾਉ
ਚਰਨਾਂ ਦੇ ਸੰਗ ਕਰੋ ਪਿਆਰ
ਪੋਤਰਿਆਂ ਤੇ ਕੀਤਾ ਜਿਸ ਨੇ
ਗੁਰ-ਸਿੱਖੀ ਦਾ ਮਹਿਲ ਤਿਆਰ
ਗੁਰੂ ਪੰਥ ਦੀ ਜੈ-ਜੈ ਕਾਰ
ਦਸਮ ਪਿਤਾ ਦੀ ਜੈ-ਜੈ ਕਾਰ।

ਦੇਵਤਿਆਂ ਦੀ ਦੁਨੀਆਂ ਵਿਚ ਵੀ
ਮਾਂ ਗੁਜਰੀ ਦੀ ਚਲਦੀ ਗੱਲ
ਪੰਥ ਖਾਲਸਾ ਅਮਰ ਰਹੇਗਾ
ਮਾਂ ਗੁਜਰੀ ਦਾ ਵਚਨ ਅਟੱਲ
ਮਾਂ ਗੁਜਰੀ ਤੇ ਜੋ ਜੋ ਗੁਜ਼ਰੀ
ਦੰਗ ਰਹਿ ਗਿਆ ਕੁਲ ਸੰਸਾਰ।
ਮਾਂ ਗੁਜਰੀ ਨੂੰ...

ਜੰਗ ਛਿੜੀ ਚਮਕੌਰ ਗੜ੍ਹੀ ਦੀ
ਲੱਖਾਂ ਦੁਸ਼ਮਨ ਚੜ੍ਹ ਕੇ ਆਏ
ਚਾਲੀ ਸਿੰਘ ਦਸਮੇਸ਼ ਪਿਤਾ ਦੇ
ਲੱਖਾਂ ਦੁਸ਼ਮਨ ਮਾਰ ਮੁਕਾਏ
ਚਾਵਾਂ ਨਾਲ ਅਜੀਤ ਤੋਰਿਆ
ਮਗਰੇ ਉਹਦੇ ਗਿਆ ਜੁਝਾਰ।
ਮਾਂ ਗੁਜਰੀ ਨੂੰ...

ਮਾਛੀਵਾੜੇ ਦਸਮ ਪਿਤਾ ਨੇ
ਕੰਡਿਆਂ ਉੱਤੇ ਸੇਜ ਵਿਛਾਈ
ਸੂਲਾਂ ਨੂੰ ਵੀ ਦਸਮ ਪਿਤਾ ਨੇ
ਅੰਮ੍ਰਿਤ ਵਰਗੀ ਰੱਤ ਪਿਲਾਈ
ਗ਼ਨੀ ਖਾਨ ਤੇ ਨਬੀ ਖਾਨ ਨੇ
ਸਜਦਾ ਕੀਤਾ ਵਾਰੰਮਵਾਰ।
ਮਾਂ ਗੁਜਰੀ ਨੂੰ...

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ
ਸਫ਼ਰੀ ਜੱਗ ਵਿਚ ਕੋਈ ਨੀ ਸਾਨੀ
ਤੇਗ਼ ਬਹਾਦਰ ਵਾਂਗਰ ਕਰਨੀ
ਧਰਮ ਵਾਸਤੇ ਕਿਨ ਕੁਰਬਾਨੀ ?
ਦਸਮ ਪਿਤਾ ਨੇ ਵਾਰੀ ਵਾਰੀ
ਵਾਰ ਦਿੱਤਾ ਸਾਰਾ ਪਰਿਵਾਰ।
ਮਾਂ ਗੁਜਰੀ ਨੂੰ ਸੀਸ ਨਿਵਾਉ।...

*****

ਸਾਹਿਬਜ਼ਾਦਿਆਂ ਦਾ ਹਉਸਲਾ ਤੇ ਦ੍ਰਿੜ੍ਹ ਵਿਸ਼ਵਾਸ

ਫਤਿਹ ਸਿੰਘ ਜ਼ੋਰਾਵਰ ਹਉਸਲਾ ਨੀ ਹਾਰਦੇ
ਇੱਟਾਂ 'ਚ ਖੜੇ ਵੀ ਇੱਟਾਂ ਜ਼ਾਲਮਾਂ ਨੂੰ ਮਾਰਦੇ।

ਜੰਗ ਚਮਕੌਰ ਦੀ ਇਹ ਗੁਰੂ ਜੀ ਦੀ ਮੌਜ ਸੀ
ਚਾਲੀ ਸਿੰਘ ਟਾਕਰੇ ਤੇ ਦਸ ਲੱਖ ਫੌਜ ਸੀ
ਦੰਦ ਖੱਟੇ ਕੀਤੇ ਤਾਂ ਵੀ ਦੂਤੀ ਸਰਕਾਰ ਦੇ
ਫਤਿਹ ਸਿੰਘ ਜ਼ੋਰਾਵਰ...

ਖੇਡਣਾ ਦਾਦੇ ਦੀ ਗੋਦੀ ਖੁਸ਼ੀ ਖੁਸ਼ੀ ਜਾ ਕੇ
ਬੈਠਣਾ ਸ਼ਹੀਦਾਂ ਵਿਚ ਕਲਗੀਆਂ ਸਜਾ ਕੇ
ਪਿਛੇ ਪਿਛੇ ਜਾਣਾ ਹੈ ਅਜੀਤ ਤੇ ਜੁਝਾਰ ਦੇ
ਫਤਿਹ ਸਿੰਘ ਜ਼ੋਰਾਵਰ...

ਸੂਬੇ ਨੇ ਕਿਹਾ ਜੇ ਬੀਬਾ ਦੀਨ ਮੰਨ ਜਾਉਗੇ
ਛੱਡ ਕੇ ਫਕੀਰੀ ਮਹਾਰਾਜੇ ਬਣ ਜਾਉਗੇ
ਲਾਲਾਂ ਨੇ ਜਵਾਬ ਦਿੱਤਾ ਵਿਚ ਦਰਬਾਰ ਦੇ
ਫਤਿਹ ਸਿੰਘ ਜ਼ੋਰਾਵਰ...

ਪਿਤਾ ਦਸਮੇਸ਼ ਕਰਾਮਾਤ ਕੀ ਦਿਖਾ ਗਿਆ
ਨਨ੍ਹੇ ਨਨ੍ਹੇ ਲਾਲ ਵਿਚ ਨੀਹਾਂ ਦੇ ਚਿਣਾ ਗਿਆ
ਲੱਭਦੀ ਮਿਸਾਲ ਨਹੀਉਂ ਵਿਚ ਸੰਸਾਰ ਦੇ
ਫਤਿਹ ਸਿੰਘ ਜ਼ੋਰਾਵਰ...

*****

ਮਾਛੀਵਾੜੇ ਸੱਥਰਾਂ ਤੇ ਸੁਤੈ

ਨੀ ਕਾਲ ਕਲੋਟੀ ਰਾਤੜੀਏ
ਦੱਸ ਕਿਧਰ ਵੱਲ ਉੱਚ ਦਾ ਪੀਰ ਗਿਆ
ਕੋਈ ਕੌਤਿਕ ਕਲਗੀਧਰ ਦਾ ਸੀ
ਦੁਸ਼ਮਨ ਦੀਆਂ ਫੌਜਾਂ ਚੀਰ ਗਿਆ

ਇਕ ਨਬੀ ਖਾਨ ਇਕ ਗਨੀ ਖਾਨ
ਦੋ ਸੱਚੇ ਸੁੱਚੇ ਮੁਸਲਮਾਨ
ਜਦ ਪਲੰਗ ਉਠਾਇਆ ਕੰਧਿਆਂ ਤੇ
ਲੱਗ ਸੁਰਾ ਦੇ ਸੀਨੇ ਚੀਰ ਗਿਆ
ਨੀ ਕਾਲ ਕਲੋਟੀ ਰਾਤੜੀਏ....

ਚਾਰੇ ਹੀ ਲਾਲ ਕੁਹਾ ਚਲਿਆ
ਵਤਨਾਂ ਦਾ ਕਰਜ਼ ਚੁਕਾ ਚਲਿਆ
ਚਾਨਣ ਨੀ ਦਿਸਦੇ ਅੱਖੀਆਂ ਦੇ
ਤਾਂ ਵੀ ਨੀ ਅੱਖੀਓਂ ਨੀਰ ਗਿਆ
ਨੀ ਕਾਲ ਕਲੋਟੀ ਰਾਤੜੀਏ....

ਸੁਤੈ! ਮੰਨ ਰੱਬ ਦਾ ਭਾਣਾ ਏਂ
ਸਿਰ ਥੱਲੇ ਢਾਲ ਸਰਾਣਾ ਏਂ
ਫਲ ਫਸ ਕੇ ਛੰਭ ਦਿਆਂ ਕੰਡਿਆਂ ਵਿਚ
ਹੋ ਜਾਮਾਂ ਲੀਰੋ ਲੀਰ ਗਿਆ
ਨੀ ਕਾਲ ਕਲੋਟੀ ਰਾਤੜੀਏ....

ਸਫ਼ਰੀ ਇਹ ਸੰਤ ਸਿਪਾਹੀ ਏ
ਇਕ ਵੱਖਰੀ ਮੰਜ਼ਲ ਦਾ ਰਾਹੀ ਏ
ਜ਼ਿੰਦਗੀ ਦੀਆਂ ਘੜੀਆਂ ਭੰਨ ਭੰਨ ਕੇ
ਘੜ ਭਾਰਤ ਦੀ ਤਕਦੀਰ ਗਿਆ
ਨੀ ਕਾਲ ਕਲੋਟੀ ਰਾਤੜੀਏ....

*****

ਗਗਨ ਦਮਾਮਾ ਵਾਜਿਆ

ਉੱਠੋ ਪੰਥ ਦੇ ਰਾਖਿਉ ਤੇ ਪਹਿਰੇਦਾਰੋ
ਦਸਮ ਪਿਤਾ ਦੇ ਸੇਵਕੋ ਤੇ ਜਾਨ ਨਸਾਰੋ
ਧਰਮ ਯੁੱਧ ਵਿਚ ਜਿੱਤ ਕੇ ਨਾ ਬਾਜੀ ਹਾਰੋ
ਜੀਵਨ ਲੱਭੋ, ਮੌਤ ਦੇ ਮੂੰਹ ਥੱਪੜ ਮਾਰੋ
ਦੁਸ਼ਮਨ ਨੂੰ ਸਰਹੱਦ ਤੇ ਘੂਰੋ ਲਲਕਾਰੋ
ਗਗਨ ਦਮਾਮਾ ਵਾਜਿਆ ਸਿੰਘੋ ਸਰਦਾਰੋ!!

ਫੂਲਾ ਸਿੰਘ ਨਲੂਆ ਸ਼ਾਮ ਸਿੰਘ ਸਰਦਾਰ ਅਟਾਰੀ
ਸਿਰ ਦੇ ਕੇ ਆਪਣਾ ਕੌਮ ਨੂੰ, ਦੇ ਗਏ ਸਰਦਾਰੀ
ਉਹਨਾਂ ਦਾ ਸਿੱਕਾ ਮੰਨਦਾ ਗੁਰ ਸੰਗਤ ਸਾਰੀ
ਡੁੱਬਦੀ ਜਾਂਦੀ ਦੇਸ਼ ਦੀ ਉਹਨਾਂ ਬੇੜੀ ਤਾਰੀ
ਫਤਿਹ ਸਿੰਘ, ਜ਼ੋਰਾਵਰ ਕੌਮ ਦੇ ਅਜੀਤ ਜੁਝਾਰੋ
ਗਗਨ ਦਮਾਮਾ ਵਾਜਿਆ ਸਿੰਘੋ ਸਰਦਾਰੋ!!

ਪੰਜ ਸੀਸ ਲੈ ਪਾਤਸ਼ਾਹ ਨੇ ਪੰਥ ਚਲਾਇਆ
ਕੌਣ ਕਰੇਗਾ? ਪੰਥ ਨੇ ਜੋ ਕਰ ਦਿਖਲਾਇਆ
ਰੱਤ ਜਿਗਰ ਦੀ ਰੋੜ੍ਹ ਹਿੰਦ ਦਾ ਧਰਮ ਬਚਾਇਆ
ਜੁਗ ਜੁਗ ਜੀਵੇ ਖਾਲਸਾ ਤੇਰਾ ਰਾਜ ਸਵਾਇਆ
ਬੋਝ ਗੁਲਾਮੀ ਸੀਸ ਤੇ ਨਾ ਜ਼ਰਾ ਸਹਾਰੋ
ਗਗਨ ਦਮਾਮਾ ਵਾਜਿਆ ਸਿੰਘੋ ਸਰਦਾਰੋ!!

ਜੇ ਪੰਥ ਬਚਾਉਣਾ ਖਾਲਸਾ ਨਾ ਜਿੰਦ ਬਚਾਉ
ਜੇ ਕੇਸ ਕਟਾਉਣੇ ਆਪਣੇ ਤਾਂ ਸੀਸ ਕਟਾਉ
ਜੇ ਭੀੜ ਬਣੇ ਕੋਈ ਪੰਥ ਤੇ ਨਾ ਦੇਰੀ ਲਾਉ
ਝੱਟ ਸੀਸ ਕਟਾ ਕੇ ਤਲੀ ਤੇ ਮੈਦਾਨ 'ਚ ਆਓ

ਜਿੰਦ ਆਪਣੀ ਸੋਹਣਿਉਂ ਹੱਸ ਹੱਸ ਕੇ ਵਾਰੋ
ਗਗਨ ਦਮਾਮਾ ਵਾਜਿਆ ਸਿੰਘੋ ਸਰਦਾਰੋ!!

ਹੇ ਦੇਸ਼ ਮੇਰੇ ਦੀਉ ਦੇਵੀਉ ਪਤਵੰਤੀਆਂ ਨਾਰੋ
ਇਹ ਦੇਸ਼ ਤੁਹਾਡਾ ਆਪਣਾ ਹੈ ਬਾਤ ਵਿਚਾਰੋ
ਕੋਈ ਬੁਰੀ ਨਜ਼ਰ ਨਾਲ ਵੇਖਦਾ ਤਾਂ ਮਤ ਸਹਾਰੋ
ਸਿਰ ਧੜ ਤੋਂ ਕਰ ਦਿਉ ਵੱਖਰਾ ਤਿਖੀਉ ਤਲਵਾਰੋ
ਗਗਨ ਦਮਾਮਾ ਵਾਜਿਆ ਸਿੰਘੋ ਸਰਦਾਰੋ!!

*****

ਧੰਨ ਧੰਨ ਸਾਹਿਬ ਗੁਰੂ ਗੋਬਿੰਦ ਸਿੰਘ।
ਧੰਨ ਧੰਨ ਸਾਹਿਬ ਗੁਰੂ ਗੋਬਿੰਦ ਸਿੰਘ।

ਨੀਹਾਂ ਵਿਚ ਸ਼ਹੀਦੀ ਪਾ ਗਏ ਦਸਮ ਪਿਤਾ ਦੇ ਲਾਲ
ਥਰ ਥਰ ਕੰਬੀ ਧਰਤੀ ਸਾਰੀ ਆਇਆ ਬੜਾ ਭੂਚਾਲ।
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ
ਨੀਹਾਂ ਵਿਚ ਸ਼ਹੀਦੀ ਪਾ ਗਏ ਦਸਮ ਪਿਤਾ ਦੇ ਲਾਲ।

ਸ਼ੇਰ ਮੁਹੰਮਦ ਮੁਸਲਮਾਨ ਨੇ ਸੂਬੇ ਨੂੰ ਸਮਝਾਇਆ
ਪਰ ਉਹ ਪਾਪੀ ਜ਼ੁਲਮ ਕਰਨ ਤੋਂ ਜ਼ਰਾ ਬਾਜ਼ ਨਾ ਆਇਆ
ਇੱਟਾਂ ਦੇ ਵਿਚ ਇੱਟਾਂ ਹੋ ਗਏ ਨੰਨੇ-ਨੰਨੇ ਬਾਲ
ਨੀਹਾਂ ਵਿਚ ਸ਼ਹੀਦੀ ਪਾ ਗਏ ਦਸਮ ਪਿਤਾ ਦੇ ਲਾਲ
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

ਔਰੰਗੇ ਦੇ ਪਾਪਾਂ ਦੀ ਜਦ ਸੁਣੀ ਕਹਾਣੀ ਸਾਰੀ
ਮੱਕੇ ਦੇ ਵੀ ਮੁਫਤੀ ਉਹਦੀ ਭੇਂਟ ਵਗਾਹ ਕੇ ਮਾਰੀ
ਸਾਰੀ ਦੁਨੀਆਂ ਆਖਣ ਲੱਗੀ ਸੂਬਾ ਬੜਾ ਚੰਡਾਲ।
ਨੀਹਾਂ ਵਿਚ ਸ਼ਹੀਦੀ ਪਾ ਗਏ ਦਸਮ ਪਿਤਾ ਦੇ ਲਾਲ
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

ਜੱਲਾਦਾਂ ਵੱਲ ਤੱਕ ਸੂਰਮੇ ਨਾ ਥਿੜਕੇ ਨਾ ਡੋਲੇ
ਕੰਧਾਂ ਥੱਲੇ ਆਏ ਹੋਏ ਵੀ ਨਾਨਕ ਨਾਨਕ ਬੋਲੇ
ਚੇਹਰੇ ਲਾਲ ਲਾਲ ਦੋਹਾਂ ਦੇ ਮੁਖ ਤੇ ਬੜਾ ਜਲਾਲ
ਨੀਹਾਂ ਵਿਚ ਸ਼ਹੀਦੀ ਪਾ ਗਏ ਦਸਮ ਪਿਤਾ ਦੇ ਲਾਲ
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

ਸਫ਼ਰੀ ਠੰਡਾ ਬੁਰਜ ਬੋਲਿਆ ਉਹ ਸਿੰਘੋ ਸਰਦਾਰੋ
ਮਰ ਜਾਵੋ ਜਾਂ ਦੁਸ਼ਮਣ ਤਾਈਂ ਫਾਹ ਧਰਤੀ ਤੇ ਮਾਰੋ
ਜੇ ਦੁਸ਼ਮਣ ਤਲਵਾਰ ਬਣੇ ਤਾਂ ਬਣੋ ਪੰਥ ਦੀ ਢਾਲ।
ਨੀਹਾਂ ਵਿਚ ਸ਼ਹੀਦੀ ਪਾ ਗਏ ਦਸਮ ਪਿਤਾ ਦੇ ਲਾਲ
ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

*****

ਸਤਿਗੁਰ ਮਹਿਮਾ

ਨਿਰੰਕਾਰ ਦਾ ਰੂਪ, ਸਤਿਗੁਰੂ ਨਾਨਕ ਦੇਵ ਪਿਆਰੇ।
ਕਲੂ ਕਾਲ ਵਿਚ ਆ ਕੇ, ਜਿਹਨਾਂ ਜੀਵ ਕਰੋੜਾਂ ਤਾਰੇ।

ਅੰਗਦ ਦੇਵ ਪਿਆਰੇ ਜਿਸ ਨੂੰ, ਅੰਗ ਨਾਲ ਚੁੱਕ ਲਾਇਆ।
ਕਾਇਆ ਕੰਚਨ ਵਰਗੀ ਹੋ ਗਈ, ਚੜ੍ਹਿਆ ਰੂਪ ਸਵਾਇਆ।

ਅਮਰਦਾਸ ਦੀ ਅਮਰ ਕਹਾਣੀ, ਜਿਸਨੇ ਸੁਣੀ ਸੁਣਾਈ।
ਚੌਹ ਜੁਗਾਂ ਵਿਚ ਅਮਰ ਹੋ ਗਿਆ, ਜੀਵ ਸੁਭਾਗਾ ਭਾਈ।

ਰਾਮ ਦਾਸ ਦੇ ਹਰਿਮੰਦਰ ਦੇ, ਜਿਸ ਵੀ ਦਰਸ਼ਨ ਪਾਏ।
ਜਨਮ-ਜਨਮ ਦੇ ਓਸ ਜੀਵ ਨੇ, ਸਭੇ ਦੋਖ ਗੁਆਏ।

ਪੰਚਮ ਗੁਰੂ ਪਿਆਰੇ ਅਰਜਨ, ਪਰਉਪਕਾਰ ਕਮਾਇਆ।
ਜਗਤ ਜਲੰਦਾ ਰੱਖਣ ਦੇ ਲਈ, ਲੋਹ 'ਤੇ ਆਸਣ ਲਾਇਆ।

ਮੀਰੀ ਪੀਰੀ ਵਾਲੇ, ਸਤਿਗੁਰੂ ਹਰਿਗੋਬਿੰਦ ਪਿਆਰੇ।
ਧਰਮ ਯੁੱਧ ਵਿਚ ਤੇਗ ਉਠਾ ਕੇ, ਚੁਣ-ਚੁਣ ਸ਼ਤਰੂ ਮਾਰੇ।

ਗੁਰੂ ਨਾਨਕ ਦੀ ਜੋਤ ਨਿਆਰੀ, ਪੂਜਨੀਕ ਹਰੀ ਰਾਏ।
ਕੀਰਤਪੁਰ ਦੀ ਧਰਤੀ ਨੂੰ ਸੀ, ਭਾਗ ਜਿਨ੍ਹਾਂ ਨੇ ਲਾਏ।

ਅੱਠਵੀਂ ਜੋਤ ਗੁਰੂ ਹਰਿ ਕ੍ਰਿਸ਼ਨ ਜੀ ਜੱਗ 'ਤੇ ਜੋਤ ਨਿਆਰੀ।
ਪੰਜ ਸਾਲ ਦੀ ਆਯੂ ਦੇ ਵਿਚ, ਪੰਡ ਉਠਾਈ ਭਾਰੀ।

ਨੌਵੇਂ ਸਤਿਗੁਰੂ ਤੇਗ ਬਹਾਦਰ, ਦਿਲੀ ਸੀਸ ਕਟਾਇਆ।
ਆਪਣੇ ਸਿਰ 'ਤੇ ਕਸ਼ਟ ਉਠਾ ਕੇ, ਭਾਰਤ ਵਰਸ਼ ਬਚਾਇਆ।

ਦਸਮ ਪਿਤਾ ਗੁਰੂ ਗੋਬਿੰਦ ਸਿੰਘ, ਜਿਸਦਾ ਕੋਈ ਨਾ ਸਾਨੀ।
ਗੁਰੂ ਪੰਥ ਦੀ ਖਾਤਿਰ ਜਿਹਨਾਂ ਬਹੁਤ ਕੀਤੀ ਕੁਰਬਾਨੀ।

ਗਿਆਰ੍ਹਵਾਂ ਗੁਰੂ ਗ੍ਰੰਥ ਸਾਹਿਬ ਹੈ, ਜੱਗ 'ਤੇ ਰੂਪ ਨਿਆਰਾ।
ਕਲੂ ਕਾਲ ਵਿਚ 'ਸਫਰੀ' ਸਾਡਾ, ਇਕੋ ਇਕ ਸਹਾਰਾ।

*****

ਔਰਤਜ਼ਾਤ ਸਮਾਜ ਦਾ ਅੰਗ ਉਜਲਾ

ਊਚ ਨੀਚ ਦਾ ਪਾ ਕੇ ਪੱਜ ਏਥੇ
ਬੰਦਾ ਬੰਦੇ ਨੂੰ ਏਨਾ ਦਬਾਉਂਦਾ ਰਿਹਾ।
ਆਈ ਪੈਰਾਂ ਦੇ ਥੱਲੇ ਮਨੁੱਖਤਾ ਨੂੰ
ਬੜੀਆਂ ਮੁਸ਼ਕਲਾਂ ਨਾਲ ਸਾਹ ਆਉਂਦਾ ਰਿਹਾ।
ਪੱਥਰ ਦਿਲ ਸਮਾਜ ਦਾ ਇਹ ਬੰਦਾ
ਔਰਤ ਜ਼ਾਤ ਉੱਤੇ ਸਿਤਮ ਢਾਉਂਦਾ ਰਿਹਾ।
ਜੁੱਤੀ ਪੈਰਾਂ ਦੀ ਸਮਝ ਕੇ ਇਸਤਰੀ ਨੂੰ
ਇਕ ਲਾਉਂਦਾ ਰਿਹਾ, ਇਕ ਪਾਉਂਦਾ ਰਿਹਾ।
ਏਸੇ ਤਰ੍ਹਾਂ ਹਜ਼ਾਰਾਂ ਸਾਲ ਬੀਤੇ
ਸਬਰ ਮੁੱਕ ਚੁੱਕਾ ਆਖ਼ਿਰ ਸਾਬਰੀ ਦਾ।
ਗੁਰੂ ਨਾਨਕ ਨੇ ਗੁਰੂ ਗ੍ਰੰਥ ਅੰਦਰ
ਦਿੱਤਾ ਔਰਤ ਨੂੰ ਹੱਕ ਬਰਾਬਰੀ ਦਾ।
ਔਰਤ ਜ਼ਾਤ ਸਮਾਜ ਦਾ ਅੰਗ ਉੱਜਲਾ
ਔਰਤ ਮਰਦ ਦੀ ਕਾਇਆ ਪਲਟ ਸਕਦੀ।
ਮਰਦ ਰਾਮ ਵਰਗਾ ਦਿਲ ਦਾ ਸਾਫ਼ ਹੋਵੇ
ਸੀਤਾ ਬਨਾਂ ਅੰਦਰ ਵਿਪਤਾ ਕੱਟ ਸਕਦੀ।
ਮਰਦ ਦਵੇ ਸਤਿਕਾਰ ਤਾਂ ਇਹ ਔਰਤ
ਬਲਦੀ ਅੱਗ ਤੋਂ ਪਿੱਛਾਂ ਨਹੀਂ ਹੱਟ ਸਕਦੀ।
ਮਾਤਾ ਭਾਗੋ ਦੇ ਇਸਤਰੀ ਰੂਪ ਅੰਦਰ
ਫੜਕੇ ਤੇਗ ਮੈਦਾਨ ਦੇ ਡੱਟ ਸਕਦੀ।
ਇਸ ਔਰਤ ਬਗ਼ੈਰ ਮਨੁੱਖ ਤਾਈਂ
ਨਹੀਂ ਜੀਵਨ ਦਾ ਪੰਥ ਆਸਾਨ ਲੱਗਦਾ।
ਘਰ ਵਿਚ ਲਖ ਨਿਆਮਤਾਂ ਹੋਣ ਭਾਵੇਂ
ਬਿਨਾਂ ਔਰਤ ਦੇ ਵਿਹੜਾ ਮਸਾਨ ਲੱਗਦਾ।
ਔਰਤ ਰਿਸ਼ੀਆਂ ਅਵਤਾਰਾਂ ਨੂੰ ਜਨਮ ਦਿੱਤਾ
ਬਰਕਤ ਹੈ ਸੰਸਾਰ ਦੀ ਬੜੀ ਔਰਤ।

ਇਹ ਇਤਿਹਾਸ ਦੱਸਦਾ, ਆਪਣੇ ਦੇਸ਼ ਖ਼ਾਤਿਰ
ਬੱਚਾ ਪਿੱਠ ਤੇ ਰੱਖ ਕੇ ਲੜੀ ਔਰਤ।
ਸਿਵੇ ਵਿਚ ਵੀ ਮਰਦ ਦੇ ਨਾਲ ਹਾਏ
ਰੂਪ ਸਤੀ ਦਾ ਧਾਰ ਕੇ ਸੜੀ ਔਰਤ।
ਬੜੀਆਂ ਮੁਸ਼ਕਲਾਂ ਬਾਅਦ ਸਮਾਜ ਅੰਦਰ
ਆਪਣੇ ਪੈਰਾਂ ਤੇ ਆਣ ਕੇ ਖੜੀ ਔਰਤ।
ਮਾਰੀ ਜਾਊਗੇ ਪੇਟ 'ਚ ਬੱਚੀਆਂ ਨੂੰ
ਘਾਟਾ ਪਊਗਾ ਦੇਸ਼ ਦੀ ਦੱਖ ਨਾ ਰਹੂ।
ਸਫ਼ਰੀ ਸਾਰੇ ਸਮਾਜ ਵਿਚ ਸੁਨ ਪੈ ਜਾਊ
ਪੱਲੇ ਹਿੰਦੋਸਤਾਨ ਦੇ ਕੱਖ ਨਾ ਰਹੂ।

*****

47

ਔਰਤ

ਔਰਤ ਹਜ਼ਰਤ ਮੁਹੰਮਦ ਤੇ ਨਾਨਕ ਦੇ ਨਾਲ
ਔਰਤ ਰਾਮ ਦੇ ਨਾਲ ਤੇ ਗੋਪਾਲ ਦੇ ਨਾਲ
ਬਹੁਤੇ ਖਾਣੇ ਨੀ ਔਰਤ ਪਸੰਦ ਕਰਦੀ
ਪਰਚ ਜਾਂਦੀ ਏ ਰੋਟੀ ਤੇ ਦਾਲ ਦੇ ਨਾਲ
ਜਦ ਵੀ ਮਰਦ ਤੇ ਬਿਪਤਾ ਦਾ ਵਾਰ ਹੁੰਦਾ
ਔਰਤ ਰੋਕਦੀ ਹਿੰਮਤ ਦੀ ਢਾਲ ਦੇ ਨਾਲ
ਪਤਨੀ ਪਤੀ ਦੇ ਪੈਰਾਂ ਨੂੰ ਸਾਫ਼ ਕਰਦੀ
ਆਪਣੇ ਕੇਸਾਂ ਦੇ ਉਣੇ ਰੁਮਾਲ ਦੇ ਨਾਲ
ਔਰਤ ਨਾਲ ਜੇ ਫੇਰ ਅਨਿਆਂ ਹੋਵੇ
ਏਸੇ ਔਰਤਾਂ ਵਚਨ ਅਟੱਲ ਹੁੰਦਾ
ਫਿਰ ਇਹ ਨਾਗਨੀ ਦਾ ਧਾਰਨ ਰੂਪ ਕਰਦੀ
ਇਹਦਾ ਇਕ ਫੂੰਕਾਰਾ ਨੀ ਝੱਲ ਹੁੰਦਾ
ਔਰਤ ਮਰਦ ਦਾ ਬੜਾ ਹਸੀਨ ਰਿਸ਼ਤਾ
ਮੈਲ ਇਹਦੇ 'ਚ ਰੱਤੀ ਵੀ ਚਾਹੀਦੀ ਨਹੀਂ
ਜਿਹੜੀ ਕੰਨਾਂ ਦੇ ਨਾਲ ਨਾ ਸੁਣੇ ਬਾਣੀ
ਉਹਦੇ ਕੰਨਾਂ 'ਚ ਨੱਤੀ ਵੀ ਚਾਹੀਦੀ ਨਹੀਂ
ਖੀਰ ਮਿੱਠੀ ਏ, ਖਾਂਦਿਆਂ ਬੁੱਲ੍ਹ ਸਾੜੇ
ਖੀਰ ਦੋਸਤੋ ਤੱਤੀ ਵੀ ਚਾਹੀਦੀ ਨਹੀਂ
ਜਿਹੜੀ ਮਰਦ ਦੀ ਟਿਬਰੀ ਟੈਟ ਕਰ ਦਏ
ਔਰਤ ਏਨੀ ਕੁਪੱਤੀ ਵੀ ਚਾਹੀਦੀ ਨਹੀਂ
ਪਤੀ ਕੱਲ ਜ਼ਮਾਨੇ 'ਚ ਕੀ ਹੈਗਾ
ਪਤਨੀ ਪਤੀ ਬਗ਼ੈਰ ਕਰ ਕੀ ਸਕਦੀ
ਪਤੀ ਪਤਨੀ ਬਗ਼ੈਰ ਨੀ ਜੀ ਸਕਦਾ
ਪਤਨੀ ਪਤੀ ਬਗ਼ੈਰ ਨਹੀਂ ਜੀ ਸਕਦੀ।

*****

48

ਸਹੁਰੇ ਤੁਰਦੀ ਨੂੰ

ਲੈ ਕੇ ਗੁਰਾਂ ਦਾ ਆਸਰਾ ਕਾਜ ਰਚਿਆ
ਰੱਖੇ ਪੱਤ ਨਾਨਕ ਪਾਤਸ਼ਾਹ ਬੀਬੀ।
ਭਾਰਾ ਜਾਣ ਕੇ ਆਪਣੇ ਮੋਢਿਆਂ ਤੋਂ
ਬੋਝਾ ਫ਼ਰਜ਼ ਦਾ ਰਹੇ ਹਾਂ ਲਾਹ ਬੀਬੀ।
ਪਾਲ ਪੋਸ ਆਪਾਂ ਤੈਨੂੰ ਬੜੀ ਕੀਤਾ
ਜਿਥੋਂ ਤੱਕ ਹੈਸੀ ਸਾਡੀ ਵਾਹ ਬੀਬੀ।
ਬਣ ਕੇ ਸੁਘੜ ਸੁਜਾਨ ਤੇ ਖਿੜੇ ਮੱਥੇ
ਘਰ ਆਪਣੇ ਅੱਜ ਤੂੰ ਜਾਹ ਬੀਬੀ।
ਮੇਰੇ ਅੱਥਰੂ ਦੇਖ ਨਾ ਡੋਲ ਜਾਵੀਂ
ਇਹ ਨਾ ਕਹੀਂ ਕਿ ਮੈਂ ਹੰਝੂ ਕੇਰ ਰਹੀ ਹਾਂ।
ਮੈਂ ਤਾਂ ਜਿਨ੍ਹੀਂ ਰਾਹੀਂ ਜੋੜੀ ਲੰਘਣੀ ਏਂ
ਉਨ੍ਹਾਂ ਰਾਹਾਂ 'ਚ ਮੋਤੀ ਖਲੇਰ ਰਹੀ ਹਾਂ।
ਬੀਬੀ ਮੋਹ ਤਿਆਗ ਕੇ ਪੇਕਿਆਂ ਦਾ
ਘਰ ਨੂੰ ਖਿੜੇ ਮੱਥੇ ਮੁਸਕਰਾ ਕੇ ਜਾਹ।
ਝੂਠੇ ਮੂਠੇ ਸ਼ਿੰਗਾਰ ਦੀ ਲੋੜ ਕੋਈ ਨੀ
ਸੱਚ ਸੁੱਚ ਦੇ ਗਹਿਣੇ ਸਜਾ ਕੇ ਜਾਹ।
ਤਾਈਆਂ ਚਾਚੀਆਂ ਦੇ ਗਲ 'ਨਾ ਲਗ ਕੇ ਜਾਹ
ਭੈਣਾਂ ਛੋਟੀਆਂ ਨੂੰ ਗਲ ਨਾਲ ਲਾ ਕੇ ਜਾਹ।
ਨਿਵਣਾ ਪਵੇ ਨਾ ਫਿਕਰ ਦੇ ਭਾਰ ਥੱਲੇ
ਗੁਰੂ ਗ੍ਰੰਥ ਨੂੰ ਸੀਸ ਨਿਵਾ ਕੇ ਜਾਹ।
ਉਨ੍ਹਾਂ ਸਾਨੂੰ ਗਰੀਬ ਵੀ ਆਖਿਆ ਤਾਂ
ਇਹ ਨਿਆਂ ਹੈ ਬੀਬੀ ਨਿਆਂ ਸਮਝੀਂ।
ਏਥੇ ਮਾਂ ਨੂੰ ਲਾਡ ਲਡਿਕਦੀ ਸੈਂ
ਉਥੇ ਸੱਸ ਨੂੰ ਆਪਣੀ ਮਾਂ ਸਮਝੀਂ।
ਇਹ ਗ੍ਰਹਿਸਤ ਮਾਰਗ, ਜਿਥੇ ਪੰਧ ਕਰਦਾ
ਕਰਦਾ ਆਦਮੀ ਥੱਕ ਜ਼ਰੂਰ ਜਾਂਦਾ।

ਜਿਥੇ ਇਕੋ ਪਿਆਰ ਦੀ ਤਕਣੀ ਥੀਂ
ਸਾਰੇ ਦਿਨ ਦਾ ਥਕੇਵਾਂ ਹੋ ਦੂਰ ਜਾਂਦਾ।
ਇਹ ਮੁਕਾਮ ਹੈ ਉਹ ਸੀਰਤ ਸਾਮ੍ਹਣੇ ਆ
ਜਿਥੇ ਸੂਰਤ ਦਾ ਟੁੱਟ ਗ਼ਰੂਰ ਜਾਂਦੇ।
ਜਿਥੇ ਚੰਦ ਵੀ ਝੁਕ ਕੇ ਚਕੋਰ ਦੀਆਂ
ਪਲਕਾਂ ਛੋਹਣ ਨੂੰ ਹੋ ਮਜਬੂਰ ਜਾਂਦੇ।
ਇਹ ਹੈ ਗ੍ਰਹਿਸਤ ਜੀਵਨ, ਜਿਹਨੂੰ ਜਿਨਾ ਮਰਜ਼ੀ
ਬੰਦਾ ਉਚੇ ਤੋਂ ਉਚਾ ਲੈ ਜਾ ਸਕਦਾ।
ਆਪਣੀ ਅਕਲ ਥੀਂ ਨਰਕ ਬਣਾ ਸਕਦਾ
ਆਪਣੀ ਅਕਲ ਥੀ ਸੁਰਗ ਬਣਾ ਸਕਦਾ।
ਮਾਰਗ ਬੜੇ ਨੇ ਏਸ ਸੰਸਾਰ ਅੰਦਰ
ਬੰਦਾ ਗ੍ਰਹਿਸਤ ਨੂੰ ਗ੍ਰਹਿਸਤ ਪਰਧਾਨ ਸਮਝੇ।
ਹੈ ਈਮਾਨ ਔਰਤ ਤੇ ਨੀਸ਼ਾਨ ਪੁੱਤਰ
ਦੌਲਤਮੰਦ ਦੌਲਤ ਨੂੰ ਗੁਜ਼ਰਾਨ ਸਮਝੇ।
ਪਤਨੀ ਪਤੀ ਨੂੰ ਆਪਣੀ ਜਿੰਦ ਸਮਝੇ
ਪਤੀ ਪਤਨੀ ਨੂੰ ਆਪਣੀ ਜਾਨ ਸਮਝੇ।
ਮੇਰੇ ਦੇਸ਼ ਦੀ ਇਹੁ ਪਰੰਪਰਾ ਹੈ
ਪਤਨੀ ਪਤੀ ਨੂੰ ਰੱਬ ਸਮਾਨ ਸਮਝੇ।
ਪਰ ਉਹ ਰੱਬ ਕਾਹਦਾ, ਜਿਹੜਾ ਦਮ ਦੇ ਕੇ
ਕੌੜਾ ਜ਼ਹਿਰ ਖਰੀਦ ਲਏ ਦਮ ਦੇ ਕੇ।
ਪੀ ਕੇ ਦਾਰੂ ਦਾ ਡੋਲ ਹਰ ਰੋਜ਼ ਰਾਤੀਂ
ਆ ਕੇ ਬੂਹੇ ਤੇ ਡਿੱਗ ਪਏ ਧੜੱਮ ਦੇ ਕੇ।
ਸਿਹਰੇ ਵਾਲਿਆ ਬੀਬਿਆ ਦੇਖ ਤਾਂ ਸਹੀ
ਤੇਰਾ ਸਿਹਰੇ ਨੇ ਭਾਗ ਚਮਕਾ ਤਾ ਏ।
ਬਦਲ ਦਿੱਤੀ ਏ ਬੀਬਾ ਤਕਦੀਰ ਤੇਰੀ
ਤੇਰੇ ਜੀਵਨ 'ਚ ਪਲਟਾ ਲਿਆ ਤਾ ਏ।
ਸੱਚ ਪੁਛੇਂ ਤਾਂ ਤੇਰੇ ਸੁਹਰਿਆਂ ਨੇ
ਹੱਦ ਦਾਲ ਦੀ ਹੱਦ ਨੂੰ ਲਾ ਤਾ ਏ।
ਅੱਧਾ ਕੱਟ ਕੇ ਬੀਬਿਆ ਜਿਗਰ ਆਪਣਾ
ਤੇਰੀ ਝੋਲੀ 'ਚ ਹੱਸ ਕੇ ਪਾ ਤਾ ਏ।
ਚਲ ਕੇ ਨੇਕ ਬਜ਼ੁਰਗਾਂ ਦੀ ਸਿਖਿਆ ਤੇ
ਕਦਮ ਨੇਕੀਆਂ ਵੱਲ ਵਧਾਉਣਾ ਏਂ ਤੂੰ।

ਭਰੀ ਸਭਾ 'ਚ ਫੜੀ ਏ ਬਾਂਹ ਜਿਹਦੀ
ਓਹਦਾ ਸਾਥੀਆ ਸਾਥ ਨਿਭਾਉਣਾ ਏਂ ਤੂੰ।
ਜਿਵੇਂ ਗੁਰੂ ਗ੍ਰੰਥ ਦੇ ਰਾਗਾਂ ਵਿਚੋਂ
ਸਭ ਤੋਂ ਰਾਗ ਉਤਮ ਸ੍ਰੀ ਰਾਗ ਦਾ ਏ।
ਏਵੇਂ ਸਾਰੇ ਜਹਾਨ ਦੇ ਗੀਤਾਂ ਵਿਚੋਂ
ਸਭ ਤੋਂ ਮਿੱਠੜਾ ਗੀਤ ਸੁਹਾਗ ਦਾ ਏ।
ਧੀਆਂ ਪੇਕਿਆਂ ਘਰੋਂ ਲੈ ਜਾਂਦੀਆਂ ਨੇ
ਹੁੰਦਾ ਜੋ ਵੀ ਇਨ੍ਹਾਂ ਦੇ ਭਾਗ ਦਾ ਏ।
ਮਥੇ ਪਿਤਾ ਦੇ ਸੌ ਚਟਾਕ ਪੈ ਕੇ
ਲੇਖ ਧੀ ਦੇ ਮਥੇ ਦਾ ਜਾਗਦਾ ਏ।
ਜਦੋਂ ਧੀਆਂ ਜੁਆਨ ਹੋ ਜਾਂਦੀਆਂ ਨੇ
ਪੇਕੇ ਬੱਚੀਆਂ ਲਈ ਹੱਥ ਜੋੜਦੇ ਨੇ।
ਬੜੇ ਖੁਸ਼ਨਸੀਬ ਨੇ ਬਾਪ ਜਿਹੜੇ
ਖਿੜੇ ਮੱਥੇ ਅਮਾਨਤਾਂ ਤਾਂ ਮੋੜਦੇ ਨੇ।
ਜੱਗ ਦੇ ਮੋਹ ਨੇ ਦੋ ਤਰਫ਼ਾ ਵਾਰ ਕੀਤਾ
ਹਿਰਦਾ ਗਰਮ ਵੀ ਏ ਸੀਨਾ ਸੀਤ ਵੀ ਏ।
ਦਿਲ ਵਿਚ ਭੈਣਾਂ ਭਰਾਵਾਂ ਦਾ ਪਿਆਰ ਵੀ ਏ
ਵਸੀ ਰਿਦੇ 'ਚ ਪਤੀ ਪਰੀਤ ਵੀ ਏ।
ਏਧਰ ਹੋਈਆਂ ਸਹੇਲੀਆਂ ਦਾਸ, ਓਧਰ
ਮਿੱਠਾ ਮਿੱਠਾ ਨਨਾਣਾਂ ਦਾ ਗੀਤ ਵੀ ਏ।
ਏਧਰ ਵਿਹੜਾ ਉਦਾਸ ਹੈ ਅੰਮੜੀ ਦਾ
ਅੱਖਾਂ ਸਾਹਮਣੇ ਜੱਗ ਦੀ ਰੀਤ ਵੀ ਏ।
ਜਿਵੇਂ ਪੁਰੇ ਤੇ ਪਿਛੌਂ ਦੀ 'ਵਾ ਕੱਠੀ
ਇਕੋ ਸਮੇਂ ਨੀ ਬੀਬੀਏ ਵੱਗ ਸਕਦੀ।
ਏਦਾਂ ਪਹਿਲੇ ਕਿਨਾਰੇ ਦੇ ਬਿਨਾਂ ਛਡਿਆਂ
ਕਿਸ਼ਤੀ ਦੂਜੇ ਕਨਾਰੇ ਨੀ ਲੱਗ ਸਕਦੀ।
ਸਕੇ ਦਿਲੋਂ ਹੀ ਜਿਥੇ ਪ੍ਰੀਤ ਹੋਵੇ
ਓਥੇ ਰੋਲ ਘਚੋਲ ਨਹੀਂ ਕੰਮ ਆਉਂਦਾ।
ਆਖ਼ਿਰ ਮਿੱਠੀ ਜ਼ੁਬਾਨ ਦਾ ਮੁੱਲ ਪੈਂਦਾ
ਕੌੜਾ ਬੀਬੀਏ ਬੋਲ ਨੀ ਕੰਮ ਆਉਂਦਾ।
ਸੋਚ ਸ਼ਕਤੀ ਮਨੁੱਖ 'ਚ ਚਾਹੀਦੀ ਏ
ਖਾਲੀ ਮਗਜ਼ ਦਾ ਖੋਲ ਨੀ ਕੰਮ ਆਉਂਦਾ।

ਗਹਿਣਾ ਇਸਤਰੀ ਦਾ ਬੀਬੀ ਲੱਜ ਹੁੰਦੀ
ਲੱਜ ਬਿਨਾਂ ਤੇ ਡੋਲ ਨੀ ਕੰਮ ਆਉਂਦਾ।
ਇਹ ਜੱਗ ਹੈ ਟਿੰਡਾਂ ਦੇ ਖੂਹ ਵਾਂਗੂੰ
ਗਾਹਦੀ ਚਲ ਰਹੀ ਐ ਟਿੰਡਾਂ ਭਉਂਦੀਆਂ ਨੇ।
ਚਲੀ ਆਈ ਸੰਸਾਰ ਦੀ ਰੀਤ ਬੀਬੀ
ਧੀਆਂ ਜਾਂਦੀਆਂ ਨੇ ਨੌਂਹਾਂ ਆਉਂਦੀਆਂ ਨੇ।
ਮੇਰੇ ਦੇਸ਼ ਅੰਦਰ ਪਤੀ ਪਤਨੀ ਦਾ
ਆਪੋ ਵਿਚ ਜੇ ਦਿਲੀ ਪਿਆਰ ਹੋ ਜਾਏ।
ਹਰ ਕੁਈ ਪਿਤਾ ਦਸਮੇਸ਼ ਦਾ ਸਿੱਖ ਬਣ ਜਾਏ
ਹਰ ਸਿੱਖ ਨੂੰ ਸਿੱਖੀ ਦੀ ਸਾਰ ਹੋ ਜਾਏ।
ਭਾਗੋ ਨਾਰ ਵਰਗੀ ਹਰ ਕੋਈ ਨਾਰ ਹੋ ਜਾਏ
ਹਰੀ ਸਿੰਘ ਵਰਗਾ ਹਰ ਸਰਦਾਰ ਹੋ ਜਾਏ।
ਇਹੁ ਜੇਹਾ ਜੇ ਸਾਡਾ ਆਚਰਨ ਹੋਵੇ.
ਬੇੜਾ ਹਿੰਦੁਸਤਾਨ ਦਾ ਪਾਰ ਹੋ ਜਾਏ।
ਥੋੜੀ ਦੋਹਾਂ ਦੀ ਬਣੀ ਸੁਭਾਗ ਜੋੜੀ
ਸੱਚੀ ਪ੍ਰੀਤ ਇਕ ਦੂਸਰੇ ਨਾਲ ਰਖਿਉ।
ਭਾਵੇਂ ਰਹਿਉ ਬਦੇਸ਼ ਦੇ ਵਿਚ ਬੀਬਾ
ਗੁਰੂ ਪੰਥ ਦਾ ਪੂਰਾ ਖਿਆਲ ਰਖਿਉ!!

*****

ਖ਼ਾਲਸਿਓ ! ਤਨਖ਼ਾਹ ਮੰਗਦੇ ਹੋ,
ਕੁੱਲ ਹਿਸਾਬ ਚੁਕਾ ਦਿਆਂਗਾ।
ਜੋ ਕੁਝ ਮੇਰੇ ਖ਼ਜ਼ਾਨੇ ਵਿਚ ਹੈ,
ਤੁਹਾਥੋਂ ਘੋਲ ਘੁਮਾ ਦਿਆਂਗਾ।
ਮੈਂ ਮੋਹਰਾਂ ਦੇ ਢਾਲੇ ਭਰ-ਭਰ,
ਝੋਲ ਤੁਹਾਡੀ ਪਾ ਦਿਆਂਗਾ।
ਫਿਰ ਵੀ ਨਾ ਜੇ ਕਰਜ਼ ਉਤਰਿਆ,
ਅੰਬਰ ਨੂੰ ਹੱਥ ਲਾ ਦਿਆਂਗਾ।
ਨੰਨ੍ਹੇ ਲਾਲ ਚਿਣੈ ਗਏ ਜਿੱਥੇ,
ਪੁੱਟ ਖ਼ੂਨੀ ਦੀਵਾਰ ਦਿਆਂਗਾ।
ਫਤਿਹ ਸਿੰਘ ਦੀ ਲਾਸ਼ ਵੇਚ ਕੇ,
ਤੁਹਾਡਾ ਕਰਜ਼ ਉਤਾਰ ਦਿਆਂਗਾ॥

— ਚਰਨ ਸਿੰਘ ਸਫ਼ਰੀ



ਨਿਊ ਬੁੱਕ ਕੰਪਨੀ
ਜਲੰਧਰ